# ਕੰਸਟਰਕਸ਼ਨ ਇੰਡਸਟਰੀ ਲਈ

# ਐਕਸੇਸਿਬਲ ਪਾਰਕਿੰਗ ਦੀ ਇੱਕ ਨਿਰਦੇਸ਼ ਪੁਸਤਕ

*** CBC 2022 ਸੰਸਕਰਨ**



*** ਪ੍ਰਕਾਸ਼ਨ: 05-15-2024, ਇਹ ਦਸਤਾਵੇਜ਼ ਕੈਲੀਫੋਰਨੀਆ ਬਿਲਡਿੰਗ ਕੋਡ 2022 ਸੰਸਕਰਣ ਤੇ ਆਧਾਰਿਤ ਹੈ ਅਤੇ ਇਸ ਨੂੰ ਉਦੋਂ ਤੱਕ ਅਪਡੇਟ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕੋਡ ਵਿੱਚ ਕੋਈ ਸੰਬੰਧਤ ਬਦਲਾਅ ਨਾ ਕੀਤੇ ਜਾਣ।**

ਕਿਰਪਾ ਕਰਕੇ ਨੋਟ ਕਰੋ ਕਿ ਇਹ ਟੂਲਕਿਟ 2022 ਕੈਲੀਫੋਰਨੀਆ ਬਿਲਡਿੰਗ ਕੋਡ (CBC) ਦੇ ਮੁਤਾਬਕ ਐਕਸੇਸਿਬਲ ਹੋਣ ਲਈ ਲੋੜੀਂਦੇ ਤੱਤਾਂ ਅਤੇ ਸਥਾਨਾਂ ਦੀ ਸੰਪੂਰਨ ਸੂਚੀ ਨਹੀਂ ਹੈ। ਜਦੋਂ ਕਿ ਅਮਰੀਕੀ ਅਪਾਹਜਤਾ ਕਾਨੂੰਨ (ADA) ਅਤੇ CBC ਦੇ ਤਹਿਤ ਜਨਤਾ ਦੁਆਰਾ ਵਰਤੀਆਂ ਜਾਣ ਵਾਲਿਆਂ ਪਾਰਕਿੰਗ ਸਹੂਲਤਾਂ ਨੂੰ ਐਕਸੇਸਿਬਲ ਹੋਣ ਦੀ ਲੋੜ ਹੈ, CBC ਦੇ ਪ੍ਰਾਵਧਾਨ ADA ਦੀਆਂ ਜ਼ਰੂਰਤਾਂ ਦੀ ਤੁਲਨਾ ਵਿੱਚ ਜਿਆਦਾ ਸੀਮਿਤ ਹਨ। ਇਸ ਲਈ, ਇੱਥੇ ਦੱਸੇ ਗਏ ਸਕੋਪਿੰਗ ਅਤੇ ਤਕਨੀਕੀ ਪ੍ਰਾਵਧਾਨ ਸਿਰਫ਼ CBC ਦੇ ਸੰਬੰਧਿਤ ਹਿੱਸਿਆਂ ਦਾ ਹੀ ਹਵਾਲਾ ਦਿੰਦੇ ਹਨ।

ਕਿਰਪਾ ਕਰਕੇ ਸਾਰੀਆਂ ਪਹੁੰਚਯੋਗਤਾ (ਐਕਸੇਸਿਬਿਲਿਟੀ) ਅਨੁਕੂਲਤਾ ਦੀਆਂ ਜ਼ਰੂਰਤਾਂ ਲਈ ਕੈਲੀਫੋਰਨੀਆ ਬਿਲਡਿੰਗ ਕੋਡ ਦਾ ਹਵਾਲਾ ਲਓ।[1]

**ਵਰਤੀ ਗਈਆਂ ਸੰਖੇਪ ਰੂਪਾਂ ਦੀ ਸੂਚੀ:**

- **ADA: ਅਮਰੀਕੀ ਅਪਾਹਜਤਾ ਐਕਟ**
- **CASp: ਪ੍ਰਮਾਣਿਤ ਪਹੁੰਚ ਮਾਹਰ (ਸਰਟੀਫਾਈਟ ਐਕਸੇਸ ਸਪੇਸ਼ਲਿਸਟ)**
- **CalCAP: ਕੈਲੀਫੋਰਨੀਆ ਕੈਪੀਟਲ ਐਕਸੇਸ ਪ੍ਰੋਗਰਾਮ**
- **CBC: ਕੈਲੀਫੋਰਨੀਆ ਬਿਲਡਿੰਗ ਕੋਡ**
- **CCDA: ਕਲੀਫੋਰਨੀਆ ਕਮਿਸ਼ਨ ਆਨ ਡਿਸਬਿਲਿਟੀ ਐਕਸੇਸ (CCDA)**
- **CFILC: ਇੰਡਿਪੈਨਡੈਂਟ ਲਿਵਿੰਗ ਸੈਂਟਰ ਲਈ ਕੈਲੀਫੋਰਨੀਆ ਫਾਉਂਡੇਸ਼ਨ**
- **CSLB: ਠੇਕੇਦਾਰ ਰਾਜ ਲਾਇਸੰਸ ਬੋਰਡ (ਕੌਂਨਟ੍ਰੈਕਟਰਸ ਸਟੇਟ ਲਾਈਸੇਂਸ ਬੋਰਡ)**
- **DSA: ਡਿਵੀਜ਼ਨ ਆਫ ਦਿ ਸਟੇਟ ਆਰਕਿਟੈਕਟ**
- **EVCS: ਇਲੈਕਟ੍ਰਿਕ ਵਹੀਕਲ ਚਾਰਜਿੰਗ ਸਟੇਸ਼ਨ**
- **ISA: ਇੰਟਰਨੇਸ਼ਨਲ ਸਿੰਬਲ ਆਫ ਐਕਸੇਸਿਬਿਲਿਟੀ**

[1] ਇੰਟਰਨੇਸ਼ਨਲ ਕੋਡ ਕਾਊਂਸਲ (ICC)। 2022 ਕੈਲੀਫੋਰਨੀਆ ਬਿਲਡਿੰਗ ਕੋਡ, ਸਿਰਲੇਖ 24, ਭਾਗ 2, ਖੰਡ 1, ਅਧਿਆਇ 11B। ਅਕਸੈਸਡ ਮਾਰਚ 3, 2024। http://codes.iccsafe.org/content/CABC2022P1/chapter-11b-accessibility-to-public-buildings-public-accommodations-commercial-buildings-and-public-housing.

# ਵਿਸ਼ਾ-ਸੂਚੀ


| | |
|---|---|
| ਇਸ ਟੂਲਕਿੱਟ ਨੂੰ ਕਿਵੇਂ ਵਰਤਣਾ ਹੈ | 1 |
| ਜਾਣ-ਪਛਾਣ | 1 |
| ਕੈਲੀਫੋਰਨੀਆ ਬਿਲਡਿੰਗ ਕੋਡ ਚੈਪਟਰ 11B | 2 |
| ਐਕਸੇਸਿਬਲ ਪਾਰਕਿੰਗ ਟੂਲਕਿੱਟ | 3 - 5 |
| ਸਰਟੀਫਾਈਡ ਐਕਸੇਸ ਸਪੇਸ਼ਲਿਸਟ (CASp) ਕੀ ਹੈ? | 5 |
| ਸਾਂਭ-ਸੰਭਾਲ ਅਤੇ ਤਬਦੀਲੀਆਂ | 6 |
| ਐਕਸੇਸਿਬਲ ਪਾਰਕਿੰਗ ਲੋਕੇਸ਼ਨ | 7 |
| ਐਕਸੇਸਿਬਲ ਰਸਤੇ ਨੂੰ ਸਮਝਣਾ | 7 |
| ਕਰਬ ਰੈਂਪ | 8 - 10 |
| ਐਕਸੇਸਿਬਲ ਪਾਰਕਿੰਗ ਸਪੇਸਜ਼ ਅਤੇ ਇਲੈਕਟਰਿਕ ਵਹੀਕਲ ਚਾਰਜਿੰਗ ਸਟੇਸ਼ਨਜ਼ (EVCS) | 11 |
| ਆਊਟਡੋਰ ਡਾਇਨਿੰਗ ਦੇ ਨੇੜੇ ਐਕਸੇਸਿਬਲ ਪਾਰਕਿੰਗ ਸਪੇਸੇਜ਼ | 11 |
| ਇਸ ਨਿਰਦੇਸ਼ਕ ਪੁਸਤਕ ਦਾ ਉਦੇਸ਼ | 11 - 12 |
| ਆਂਗਿਆ ਪਾਲਣ ਦੇ ਲਾਭ | 12 |
| ਪਰਿਭਾਸ਼ਾਵਾਂ | 13 - 14 |
| ਸਰੋਤ | 15 |
| ਕ੍ਰੈਡਿਟ | 16 |

## ਇਸ ਟੂਲਕਿੱਟ ਨੰ ਕਿਵੇਂ ਵਰਤਣਾ ਹੈ

ਕੀ ਤੁਹਾਨੂੰ ਪਤਾ ਹੈ ਕਿ ਘੱਟ ਤੋਂ ਘੱਟ ਇੱਕ-ਤਿਹਾਈ ਸ਼ਿਕਾਇਤਾਂ ਬਾਕਾਇਦਾ ਤੌਰ ਤੇ ਐਕਸੇਸਿਬਲ ਪਾਰਕਿੰਗ ਅਤੇ ਐਕਸੇਸਿਬਲਰਸਤੇ ਦੇ ਮੁੱਦਿਆਂ ਨਾਲ ਸਬੰਧਤ ਹੁੰਦੀਆਂ ਹਨ?

ਹੇਠਾਂ ਦਿੱਤਾ ਟੂਲਕਿਟ ਅਤੇ ਸਿੱਖਿਆ ਸੰਬੰਧੀ ਜਾਣਕਾਰੀ ਤੁਹਾਨੂੰ ਉਹਨਾਂ ਸ਼ਿਕਾਇਤਾਂ ਤੋਂ ਬਚਣ ਵਿੱਚ ਮਦਦ ਕਰਨ ਲਈ ਹੈ। ਇਸ ਟੂਲਕਿੱਟ ਦਾ ਉਦੇਸ਼ ਇਸਨੂੰ CBC ਦੀਆਂ ਖਾਸ ਲੋੜਾਂ ਦੇ ਬਦਲੇ ਇੱਕ ਚੈਕਲਿਸਟ ਵਜੋਂ ਵਰਤਣਾ ਨਹੀਂ ਹੈ। ਬਲਕਿ ਇਸਦਾ ਉਦੇਸ਼ ਜਾਗਰੂਕ ਬਣਾਉਣਾ, ਆਮ ਤੌਰ ਤੇ ਲੋੜਾਂ ਦਾ ਸਾਰ ਤਿਆਰ ਕਰਨਾ, ਅਤੇ ਸੁਧਾਰਾਂ ਲਈ ਉਪਲਬਧ ਸਰੋਤਾਂ ਬਾਰੇ ਜਾਣਕਾਰੀ ਉਪਲਬਧ ਕਰਵਾਉਣਾ ਹੈ। ਇਹ ਜਾਣਕਾਰੀ ਨੂੰ ਪ੍ਰਮਾਣਿਤ ਐਕਸੇਸ ਮਾਹਰ (CASp) ਦੇ ਆਕਲਣ ਜਾਂ ਲਾਇਸੰਸਸ਼ੁਦਾ ਡਿਜ਼ਾਈਨ ਪ੍ਰੋਫੇਸ਼ਨਲ ਦੁਆਰਾ ਮੁਲਾਂਕਣ ਲਈ, ਜਾਂ ਸਮਰੱਥ ਵਿੱਤੀ ਜਾਂ ਕਾਨੂੰਨੀ ਸਲਾਹ ਦੀ ਥਾਂ ਤੇ ਇਸਤੇਮਾਲ ਕਰਨ ਦਾ ਉਦੇਸ਼ ਨਹੀਂ ਹੈ।



## ਭੂਮਿਕਾ

ਦਾ ਕੈਲੀਫੋਰਨੀਆ ਕਮਿਸ਼ਨ ਔਨ ਡਿਸੇਬਿਲਟੀ ਐਕਸੇਸ (CCDA) ਕੈਲੀਫੋਰਨੀਆ ਵਿੱਚ ਡਿਸੈਬਿਲਿਟੀ ਐਕਸੇਸ ਨੂੰ ਹਿੱਤਧਾਰਕਾਂ ਅਤੇ ਵਪਾਰਾਂ ਦੇ ਸਹਿਯੋਗ ਰਾਹੀਂ ਉਤਸ਼ਾਹਿਤ ਕਰਦਾ ਹੈ। CCDA ਨੇ ਜਨਤਕ ਵਰਤੋਂ ਲਈ ਪਾਰਕਿੰਗ ਲੌਟਜ਼ ਦੀ ਉਸਾਰੀ ਵਿੱਚ ਐਕਸੇਸਿਬਿਲਿਟੀ ਜ਼ਰੂਰਤਾਂ ਦੇ ਪਾਲਣ ਨੂੰ ਉਤਸ਼ਾਹਿਤ ਕਰਨ ਲਈ ਇਸ ਨਿਰਦੇਸ਼ ਪੁਸਤਕ ਨੂੰ ਵਿਕਸਿਤ ਕਰਨ ਵਾਸਤੇ ਕੰਟਰੈਟਰਜ਼ ਸਟੇਟ ਲਾਈਸੈਂਸ ਬੋਰਡ (CSLB) ਅਤੇ ਉਦਯੋਗ ਮਾਹਿਰਾਂ ਨਾਲ ਕੰਮ ਕੀਤਾ।

ਇਹ ਨਿਰਦੇਸ਼ ਪੁਸਤਕ CBC ਵਿੱਚ ਐਕਸੇਸਿਬਿਲਿਟੀ ਜ਼ਰੂਰਤਾਂ ਤੋਂ ਬਣਾਈ ਗਈ ਹੈ। CBC ਵਿੱਚ ਐਕਸੇਸਿਬਿਲਿਟੀ ਜ਼ਰੂਰਤਾਂ ਲਈ ਵਿਸ਼ਾ-ਖੇਤਰ ਅਤੇ ਤਕਨੀਕੀ ਲੋੜਾਂ ਨੂੰ ਡਿਜ਼ਾਇਨ, ਉਸਾਰੀ, ਅਤੇ ਪਾਰਕਿੰਗ ਸਹੂਲਤਾਂ ਦੀ ਤਬਦੀਲੀ ਵਿੱਚ ਲਾਜ਼ਮੀ ਤੌਰ ਤੇ ਵਿਚਾਰਿਆ ਜਾਣਾ ਚਾਹੀਦਾ ਹੈ। ਇਹ ਕੇਵਲ ਜਨਤਾ ਲਈ ਖੁਲ੍ਹੇ ਵਪਾਰਾਂ ਤੱਕ ਐਕਸੇਸਿਬਿਲਿਟੀ ਦੇ ਅਧਿਕਾਰ ਨੂੰ ਸੁਨਿਸ਼ਚਿਤ ਕਰਨ ਲਈ ਹੀ ਮਹੱਤਵਪੂਰਨ ਨਹੀਂ ਹਨ; ਜੇਕਰ ਕੋਈ ਠੇਕੇਦਾਰ ਉਸਾਰੀ ਕਰਨ ਵਿੱਚ ਐਕਸੇਸਿਬਿਲਿਟੀ ਨਾਲ ਸਬੰਧਤ ਨਿਯਮ ਤੋਂ ਇਨਕਾਰੀ ਹੁੰਦਾ ਹੈ, ਉਸਦਾ ਲਾਈਸੈਂਸ CSLB ਦੁਆਰਾ ਅਨੁਸ਼ਾਸਨ ਦਾ ਵਿਸ਼ਾ ਹੋ ਸਕਦਾ ਹੈ, ਅਤੇ ਉਹ ਜਨਤਕ ਜ਼ਿੰਮੇਵਾਰੀ ਵਿੱਚ ਅਣਗਹਿਲੀ ਦੇ ਦੋਸ਼ੀ ਹੋ ਸਕਦੇ ਹਨ। ਇਸਦੀ ਰੋਕਥਾਮ ਪ੍ਰੋਜੈਕਟ ਵਿੱਚ ਘੱਟੋ-ਘੱਟ ਜ਼ਰੂਰਤਾਂ ਨੂੰ ਯਕੀਨੀ ਬਣਾ ਕੇ ਕੀਤੀ ਜਾ ਸਕਦੀ ਹੈ। ਇਹ ਦਸਤਾਵੇਜ਼ ਕੇਵਲ ਪਾਰਕਿੰਗ ਸਹੂਲਤਾਂ ਨਾਲ ਸਬੰਧਤ ਜ਼ਰੂਰਤਾਂ ਨੂੰ ਸੰਬੋਧਨ ਕਰੇਗਾ।

ਕੁਝ ਸਥਾਨਕ ਅਧਿਕਾਰ ਖੇਤਰ ਪਾਰਕਿੰਗ ਸਹੂਲਤਾਂ ਦੀ ਉਸਾਰੀ ਜਾਂ ਤਬਦੀਲੀ ਲਈ ਇੱਕ ਠੇਕੇਦਾਰ ਦੁਆਰਾ ਡਿਜ਼ਾਈਨ ਨੂੰ ਪੂਰਾ ਕਰਨ ਦੀ ਆਗਿਆ ਦੇ ਸਕਦੇ ਹਨ। ਜਦੋਂ ਅਜਿਹਾ ਕੋਈ ਮਾਮਲਾ ਹੋਵੇ, ਇਥੇ ਦਿੱਤੇ ਸੁਰਾਗਾਂ ਤੇ ਉਚੇਚਾ ਧਿਆਨ ਦਿਓ ਜੋ ਤੁਹਾਨੂੰ ਅਥਾਰਟੀ ਹੈਵਿੰਗ ਜਿਊਰਿਸਡਿਕਸ਼ਨ (AHJ) ਨਾਲ ਸਲਾਹ ਕਰਨ ਲਈ ਉਤਸ਼ਾਹਿਤ ਕਰਦੇ ਹਨ।

## ਕੈਲੀਫੋਰਨੀਆ ਬਿਲਡਿੰਗ ਕੋਡ ਚੈਪਟਰ 11B

ਜੇਕਰ ਤੁਸੀਂ ਇੱਕ ਪਾਰਕਿੰਗ ਸਹੂਲਤ ਦੇ ਡਿਜ਼ਾਈਨ ਵਿੱਚ ਸ਼ਾਮਿਲ ਹੋ, ਤਾਂ ਤੁਹਾਨੂੰ CBC ਚੈਪਟਰ 11B ਦੀਆਂ ਵਿਵਸਥਾਂਵਾਂ ਤੋਂ ਜਾਣੂੰ ਹੋਣਾ ਜ਼ਰੂਰੀ ਹੈ।

**ਡਿਵੀਜ਼ਨ 1** ਚੈਪਟਰ ਦੇ ਬਾਕੀ ਹਿੱਸੇ ਦੀ ਵਰਤੋਂ ਕਰਨ ਅਤੇ ਪ੍ਰਬੰਧਨ ਦਾ ਵਰਣਨ ਕਰਦਾ ਹੈ। ਇੱਥੇ 11B-104 ਵਿੱਚ ਕਨਵੈਂਸ਼ਨਜ਼ ਬਾਰੇ ਵਿਚਾਰ-ਵਟਾਂਦਰਾਂ ਮਹੱਤਵਪੂਰਨ ਹੈ। ਇਹ ਉਹ ਥਾਂ ਹੈ ਜਿੱਥੋਂ ਤੁਹਾਨੂੰ ਆਯਾਮੀ ਸਹਿਣਸ਼ੀਲਤਾ ਬਾਰੇ ਜਾਣਕਾਰੀ ਮਿਲੇਗੀ ਅਤੇ ਫਿਕਸਚਰ ਜਾਂ ਸਹੂਲਤਾਂ ਦੀ ਪ੍ਰਤੀਸ਼ਤਤਾ ਦੀ ਗਣਨਾ ਕਰਨ ਸਮੇਂ ਹਮੇਸ਼ਾਂ ਨੇੜਲੀ ਸੰਖਿਆ ਤੱਕ ਰਾਊਂਡ ਅਪ ਕੀਤਾ ਜਾਵੇਗਾ।

**ਡਿਵੀਜ਼ਨ 2** ਐਕਸੇਸਿਬਲ ਕਰਨ ਲਈ ਲੋੜੀਂਦੇ ਤੱਤਾਂ ਦੇ ਵਿਸ਼ਾ-ਖੇਤਰ ਦੀਆਂ ਜ਼ਰੂਰਤਾਂ ਪ੍ਰਦਾਨ ਕਰਦਾ ਹੈ। ਇਹ ਉਹ ਥਾਂ ਹੈ ਜਿੱਥੇ ਦਿੱਤੀਆਂ ਕਿਸਮਾਂ ਜੋ ਐਕਸੇਸਿਬਲ ਕਰਨ ਲਈ ਲੋੜੀਂਦੀਆਂ ਹਨ, ਦੇ ਤੱਤਾਂ ਅਤੇ ਸਹੂਲਤਾਂ ਦੀ ਗਿਣਤੀ ਸਬੰਧੀ ਤੁਹਾਨੂੰ ਜਾਣਕਾਰੀ ਮਿਲੇਗੀ। ਕਿਸੇ ਵੀ ਡਿਜ਼ਾਈਨ ਫੈਸਲਿਆਂ ਨੂੰ ਆਰੰਭ ਕਰਨ ਤੋਂ ਪਹਿਲਾਂ ਇਸ ਡਿਵੀਜ਼ਨ ਨਾਲ ਸਲਾਹ ਕਰਨਾ ਹਮੇਸ਼ਾਂ ਸਿਆਣਪ ਹੁੰਦੀ ਹੈ।

**ਡਿਵੀਜ਼ਨ 3** ਵਿਭਿੰਨ ਤੱਤਾਂ ਅਤੇ ਵਿਸ਼ੇਸ਼ਤਾਵਾਂ ਨੂੰ ਐਕਸੇਸਿਬਿਲਿਟੀ ਬਣਾਉਣ ਲਈ ਲੋੜੀਂਦੇ ਤਕਨੀਕੀ ਬਿਲਡਿੰਗ ਬਲਾਕਾਂ ਦੀ ਪੇਸ਼ਕਾਰੀ ਕਰਦਾ ਹੈ। ਇਹ ਉਹ ਥਾਂ ਹੈ ਜਿੱਥੋਂ ਤੁਹਾਨੂੰ ਐਕਸੇਸਿਬਲ ਰੂਟ ਫਲੋਰ ਅਤੇ ਜ਼ਮੀਨੀ ਸਤ੍ਹਾ, ਲੈਵਲ ਵਿੱਚ ਤਬਦੀਲੀ, ਆਗਿਆਯੋਗ ਰਸਤਾ, ਸੰਕੇਤ ਇਕਾਈਆਂ ਅਤੇ ਹੋਰ ਜ਼ਰੂਰਤਾਂ ਜੋ ਇੱਕ ਪਾਰਕਿੰਗ ਸਹੂਲਤ ਦੇ ਤੱਤਾਂ ਨਾਲ ਸਬੰਧਤ ਹੋ ਸਕਦੀਆਂ ਹਨ, ਬਾਰੇ ਜਾਣਕਾਰੀ ਮਿਲੇਗੀ।

**ਡਿਵੀਜ਼ਨ 4** ਐਕਸੇਸਿਬਲ ਰੂਟ ਲਈ ਤਕਨੀਕੀ ਲੋੜਾਂ ਪ੍ਰਦਾਨ ਕਰਦਾ ਹੈ। ਇਹ ਸੈਕਸ਼ਨ ਐਕਸੇਸਿਬਲ ਰੂਟ ਦੀ ਢਲਾਣ ਅਤੇ ਚੌੜਾਈ ਸਹਿਤ ਰੈਂਪ, ਕਰਬ ਰੈਂਪ, ਐਲੀਵੇਟਰਜ਼ ਅਤੇ ਪਲੇਟਫਾਰਮ ਲਿਫਟਸ. ਜੋ ਸਭ ਕੁਝ ਇੱਕ ਪਾਰਕਿੰਗ ਸਹੂਲਤ ਵਿੱਚ ਹੋ ਸਕਦਾ ਹੈ, ਦੀਆਂ ਜ਼ਰੂਰਤਾਂ ਨੂੰ ਸ਼ਾਮਿਲ ਕਰਦਾ ਹੈ।

**ਡਿਵੀਜ਼ਨ 5** ਸਧਾਰਨ ਸਾਈਟ ਅਤੇ ਬਿਲਡਿੰਗ ਤੱਤਾਂ ਲਈ ਤਕਨੀਕੀ ਲੋੜਾਂ ਨੂੰ ਸ਼ਾਮਿਲ ਕਰਦਾ ਹੈ। ਇਹ ਉਹ ਥਾਂ ਹੈ ਜਿੱਥੇ ਪਾਰਕਿੰਗ ਸਪੇਸ ਦੇ ਆਕਾਰ ਅਤੇ ਮਾਰਕਿੰਗ ਜ਼ਰੂਰਤਾਂ ਸਬੰਧੀ ਜਾਣਕਾਰੀ ਵੇਖੀ ਜਾ ਸਕਦੀ ਹੈ। ਇਹ ਡਿਵੀਜ਼ਨ ਪਾਰਕਿੰਗ ਸਪੇਸਜ਼, ਅਕਸੈਸ ਗਲਿਆਰਿਆਂ ਅਤੇ ਉਹਨਾਂ ਦੀ ਸੇਵਾ ਕਰਨ ਵਾਲੇ ਵਾਹਨਾਂ ਦੇ ਰੂਟਸ ਲਈ ਵਰਟੀਕਲ ਕਲੀਅਰੈਂਸ ਦੀਆਂ ਜ਼ਰੂਰਤਾਂ ਨੂੰ ਵੀ ਸ਼ਾਮਿਲ ਕਰਦਾ ਹੈ।


**ਡਿਵੀਜ਼ਨ 7** ਸੰਚਾਰ ਤੱਤਾਂ ਅਤੇ ਵਿਸ਼ੇਸ਼ਤਾਵਾਂ ਦੀਆਂ ਤਕਨੀਕੀ ਜ਼ਰੂਰਤਾਂ ਪ੍ਰਦਾਨ ਕਰਦਾ ਹੈ। ਇਹ ਉਹ ਥਾਂ ਹੈ ਜਿੱਥੋਂ ਤੁਹਾਨੂੰ ਸਾਈਨੇਜ ਲੋੜਾਂ, ਇੰਟਰਨੈਸ਼ਨਲ ਸਿੰਬਲ ਆਫ ਅਕਸੈਸੀਬਿਲਟੀ (ISA) ਅਤੇ ਖੋਜਣਯੋਗ ਚੇਤਾਵਨੀਆਂ ਦੀ ਜਾਣਕਾਰੀ ਮਿਲੇਗੀ।

**ਡਿਵੀਜ਼ਨ 8** ਵਿਸ਼ੇਸ਼ ਕਮਰਿਆਂ, ਥਾਂਵਾਂ ਅਤੇ ਤੱਤਾਂ ਲਈ ਤਕਨੀਕੀ ਲੋੜਾਂ ਨੂੰ ਸ਼ਾਮਿਲ ਕਰਦਾ ਹੈ। ਇਹ ਉਹ ਥਾਂ ਹੈ ਜਿੱਥੋਂ ਇਲੈਕਟ੍ਰਿਕ ਵਹੀਕਲ ਚਾਰਜਿੰਗ ਸਟੇਸ਼ਨ ਆਕਾਰ ਅਤੇ ਮਾਰਕਿੰਗਜ਼ ਦੀਆਂ ਲੋੜਾਂ ਨੂੰ ਲੱਭਿਆ ਜਾ ਸਕਦਾ ਹੈ।2

ਚੈਪਟਰ 11B ਵਿੱਚ ਹੋਰ ਡਿਵੀਜ਼ਨਾਂ ਵੀ ਹਨ, ਪਰ ਉਹਨਾਂ ਦੀ ਪਾਰਕਿੰਗ ਸਹੂਲਤਾਂ ਤੇ ਲਾਗੂ ਹੋਣ ਦੀ ਸੰਭਾਵਨਾ ਨਹੀਂ ਹੈ। ਫਿਰ ਵੀ, ਜੇਕਰ ਤੁਸੀਂ ਕਿਸੇ ਸਹੂਲਤ ਦਾ ਡਿਜ਼ਾਈਨ ਲੈਣ ਦਾ ਇਰਾਦਾ ਰੱਖਦੇ ਹੋ, ਤਾਂ ਤੁਹਾਨੂੰ ਆਪਣੇ ਆਪ ਨੂੰ ਚੈਪਟਰ ਦੀਆਂ ਸਾਰੀਆਂ ਡਿਵੀਜ਼ਨਜ਼ ਬਾਰੇ ਜਾਣੂੰ ਕਰਵਾਉਣਾ ਜ਼ਰੂਰੀ ਹੈ। ਇਸੇ ਤਰ੍ਹਾਂ, ਹੋਰ ਕੋਡ ਅਤੇ ਨਿਯਮ ਹਨ, ਜੋ ਤੁਹਾਡੇ ਪ੍ਰੋਜੈਕਟ ਤੇ ਲਾਗੂ ਹੋ ਸਕਦੇ ਹਨ। ਜੇ ਤੁਸੀਂ ਸੁਨਿਸ਼ਚਿਤ ਨਹੀਂ ਹੋ, ਤਾਂ ਆਪਣੇ AHJ ਨਾਲ ਸਲਾਹ-ਮਸ਼ਵਰਾ ਕਰੋ।


[2] ਇੰਟਰਨੇਸ਼ਨਲ ਕੋਡ ਕਾਊਂਸਲ (ICC)। 2022 ਕੈਲੀਫੋਰਨੀਆ ਬਿਲਡਿੰਗ ਕੋਡ, ਸਿਰਲੇਖ 24, ਭਾਗ 2, ਖੰਡ 1, ਅਧਿਆਇ 11B। ਅਕਸੈਸਡ ਮਾਰਚ 3, 2024। http://codes.iccsafe.org/content/CABC2022P1/chapter-11b-accessibility-to-public-buildings-public-accommodations-commercial-buildings-and-public-housing.

## ਪਰਪੈਂਡੀਕੁਲਰ ਐਕਸੇਸਿਬਲ ਪਾਰਕਿੰਗ ਸਪੇਸ:




**ਤਸਵੀਰ ਕ੍ਰੈਡਿਟ: DGS ਸਟਾਫ਼** **ਵੇਰਵਾ ਸਕੇਲ ਮੁਤਾਬਕ ਨਹੀਂ**

## ਐਂਗਲਡ ਐਕਸੇਸਿਬਲ ਪਾਰਕਿੰਗ ਸਪੇਸ:




**ਤਸਵੀਰ ਕ੍ਰੈਡਿਟ: DGS ਸਟਾਫ਼** **ਵੇਰਵਾ ਸਕੇਲ ਮੁਤਾਬਕ ਨਹੀਂ**

**ਆਰੰਭ ਕਰਨ ਤੋਂ ਪਹਿਲਾਂ ਵਿਚਾਰ**

ਠੇਕੇਦਾਰ ਨੂੰ ਢਲਾਣ ਲੋੜਾਂ ਨੂੰ ਉਸਾਰੀ ਦੀਆਂ ਸਾਰੀਆਂ ਸਟੇਜਾਂ ਤੇ ਇਸਦੇ ਸਮੇਤ ਨਜਿੱਠਣਾ ਚਾਹੀਦਾ ਹੈ:

- ਸਬਗ੍ਰੇਡ ਕਾਰਵਾਈਆਂ
- ਕੁੱਲ ਬੇਸ/ਸਬ-ਬੇਸ ਕਾਰਵਾਈਆਂ
- ਪੇਵਿੰਗ ਕਾਰਵਾਈਆਂ
- ਕੰਕਰੀਟ
- ਹੌਟ-ਮਿਕਸ ਐਸਫਾਲਟ (HMA)

ਅਜਿਹੇ ਖੇਤਰਾਂ ਦਾ ਨਿਰਮਾਣ ਕਰੋ ਜੋ ਢਲਾਣਾਂ ਨੂੰ ਖਤਮ ਕਰਨ ਦੀਆਂ ਵੱਧ ਤੋਂ ਵੱਧ ਲੋੜਾਂ ਤੋਂ ਘੱਟ ਹੋਣ।

ਖੇਤਰਾਂ ਤੋਂ ਨੇੜਲੇ ਪਾਰਕਿੰਗ ਸਥਾਨਾਂ ਤੱਕ ਹੌਲੀ ਹੌਲੀ ਤਬਦੀਲੀਆਂ ਦਾ ਨਿਰਮਾਣ ਕਰੋ ਅਤੇ ਗਲਿਆਰਿਆਂ ਨੂੰ ਚਲਾਓ ਅਤੇ ਅਚਾਨਕ ਤਬਦੀਲੀਆਂ ਤੋਂ ਬਚੋ।

**ਪਾਲਣਾ ਵਿਚਾਰਾਂ ਨੰ ਪ੍ਰਾਪਤ ਕਰਨ ਲਈ ਕੁਆਲਟੀ ਐਸ਼ੋਰੈਂਸ ਅਪਰੋਚ - ਸਹਿਣਸ਼ੀਲਤਾ ਨੰ ਸਮਝੋ**

ਕੰਕਰੀਟ

ਕੰਕਰੀਟ ਪਲੇਸਿੰਗ ਤੋਂ ਪਹਿਲਾਂ:

- ਸਬ-ਬੇਸ ਦੀਆਂ ਢਲਾਣਾਂ ਚੈੱਕ ਕਰੋ
- ਲੇ-ਆਊਟ ਸਟਰਿੰਗ ਲਾਈਨ ਢਲਾਣਾਂ ਦੌਰਾਨ
- ਅੰਤਿਮ ਢਲਾਣਾਂ ਦੀ ਫਾਰਮ ਜਾਂਚ ਦੌਰਾਨ ਪੁਸ਼ਟੀ ਕਰੋ

ਕੰਕਰੀਟ ਪਲੇਸਮੈਂਟ ਦੌਰਾਨ;

- ਆਰੰਭਕ ਕੰਕਰੀਟ ਪਲੇਸਮੈਂਟ ਮਗਰੋਂ ਢਲਾਣਾਂ ਦੀ ਜਾਂਚ ਕਰੋ
- ਕੰਕਰੀਟ ਦੀ ਮੁਕੰਮਲਤਾ ਦੌਰਾਨ ਢਲਾਣਾਂ ਨੂੰ ਜਾਂਚੋ
- ਝਾੜੂ ਲਗਾਉਣ ਤੋਂ ਪਹਿਲਾਂ ਢਲਾਣਾਂ ਦੀ ਜਾਂਚ ਕਰੋ

**ਇਨਸਟਾਲੇਸ਼ਨ ਕਰਿਊ ਟੂਲ ਲਿਸਟ**

ਉਸਾਰੀ ਦੇ ਹਰ ਫੇਜ਼ ਦੌਰਾਨ ਢਲਾਣਾਂ ਦੀ ਸਹੀ ਪੁਸ਼ਟੀ ਸਬਗ੍ਰੇਡ, ਕੁੱਲ ਬੇਸ ਅਤੇ ਪੇਵਿੰਗ ਸਹਿਤ ਕਰਨ ਲਈ:

- 2’ ਸਮਾਰਟ ਲੈਵਲ, ਪੁਲਿੰਗ ਸਟਰਿੰਗ ਰੇਖਾ
- ਮੈਟੀਰੀਅਲ ਰੱਖਣ ਤੋਂ ਪਹਿਲਾਂ ਉਸਾਰੀ ਦੇ ਹਰ ਫੇਜ਼ ਦੌਰਾਨ ਢਲਾਣਾਂ ਦੀ ਪੁਸ਼ਟੀ ਯਕੀਨੀ ਬਣਾਓ
- ਨਾਲ ਲੱਗਦੇ ਕਰਬ ਦੇ ਖੁਲਾਸਿਆਂ ਦੀ ਜਾਂਚ ਕਰੋ

**HMA ਪਲੇਸਮੈਂਟ**

HMA ਪਲੇਸਿੰਗ ਤੋਂ ਪਹਿਲਾਂ:

- ਸਬ-ਬੇਸ ਦੀਆਂ ਢਲਾਣਾਂ ਚੈੱਕ ਕਰੋ
- ਲੇ-ਆਊਟ ਸਟਰਿੰਗ ਲਾਈਨ ਢਲਾਣਾਂ ਦੌਰਾਨ

HMA ਪਲੇਸਮੈਂਟ ਦੌਰਾਨ:

- ਆਰੰਭਕ HMA ਲੇ-ਡਾਊਨ ਮਗਰੋਂ ਢਲਾਣਾਂ ਦੀ ਜਾਂਚ ਕਰੋ
- HMA ਰੋਲਿੰਗ/ਕੰਪੈਕਸ਼ਨ ਦੌਰਾਨ ਢਲਾਣਾਂ ਦੀ ਜਾਂਚ ਕਰੋ
- ਅੰਤਿਮ HMA ਰੋਲਿੰਗ/ਕੰਪੈਕਸ਼ਨ ਮਗਰੋਂ ਢਲਾਣਾਂ ਦੀ ਜਾਂਚ ਕਰੋ

**ਸਟੀਕਤਾ ਅਤੇ ਸ਼ੁੱਧਤਾ**

- ਉਦੋਂ ਪਹੀਆ ਸਟਾਪਾਂ ਦੀ ਲੋੜ ਹੁੰਦੀ ਹੈ ਜਦੋਂ ਵਾਹਨ ਦਾ ਅਗਲਾ ਸਿਰਾ ਲੋੜੀਂਦੇ ਐਕਸੇਸਿਬਲ ਰਸਤੇ ਵਿੱਚ ਐਕਸੇਸਿਬਲ ਕਰ ਲਵੇਗਾ।
- ਜਦੋਂ ਲੋੜ ਹੋਵੇ, ਵਹੀਲ ਸਟਾਪ ਨੂੰ ਪ੍ਰਵਾਨਿਤ ਡਰਾਇੰਗਾਂ ਅਨੁਸਾਰ ਲੱਭੋ।
- ਲੋੜੀਂਦੇ ਚਿੰਨ ਨੂੰ ਸਥਾਪਿਤ ਕਰੋ। ਜੇਕਰ ਪੋਸਟ ਉੱਚੀ ਹੁੰਦੀ ਹੈ, ਇਸਨੂੰ CBC 11B-307.3 ਅਨੁਸਾਰ ਸਥਾਪਿਤ ਕਰੋ।
- ਪੋਸਟ-ਮਾਊਂਟਡ ਚਿੰਨ੍ਹ ਦੀ ਰੱਖਿਆ ਲਈ ਬੋਲਾਰਡ ਸਥਾਪਤ ਕੀਤੇ ਜਾ ਸਕਦੇ ਹਨ, ਪਰ ਉਹ ਲੋੜੀਂਦੀ ਪਾਰਕਿੰਗ ਜਗ੍ਹਾ, ਐਕਸੇਸ ਗਲਿਆਰੇ ਜਾਂ ਐਕਸੇਸਿਬਲ ਰੂਟ 'ਤੇ ਦਖਲ ਨਹੀਂ ਦੇ ਸਕਦੇ।
- ਐਕਸੇਸਿਬਲ ਪਾਰਕਿੰਗ ਸਥਾਨਾਂ ਲਈ ਨਿਸ਼ਾਨਬੱਧਤਾ CBC 11B-502 ਅਨੁਸਾਰ ਹੋਣੀ ਚਾਹੀਦੀ ਹੈ।
- ਐਕਸੇਸਿਬਲ EVCS ਲਈ ਨਿਸ਼ਾਨਬੱਧਤਾ CBC 11B-812 ਅਨੁਸਾਰ ਹੋਣੀ ਚਾਹੀਦੀ ਹੈ।

**ਵੇਰਵੇ ਵੱਲ ਧਿਆਨ ਦਿਓ:**

- ਲੋੜੀਂਦੇ ਐਕਸੇਸਿਬਲ ਪਾਰਕਿੰਗ ਸਥਾਨਾਂ ਦੀ ਗਿਣਤੀ ਕਰਨ ਲਈ CBC 11B-208.2 ਦਾ ਅਨੁਸਰਨ ਕਰੋ।
- ਨਿਰਧਾਰਤ ਐਕਸੇਸਿਬਲ ਸਥਾਨਾਂ ਤੇ ਅਣਅਧਿਕਾਰਤ ਪਾਰਕਿੰਗ ਦੀ ਸੰਕੇਤ ਚੇਤਾਵਨੀ ਵੀ CBC 11B-502.8 ਅਨੁਸਾਰ ਹੋਣੀ ਚਾਹੀਦੀ ਹੈ।
- ਐਕਸੇਸਿਬਲ ਪਾਰਕਿੰਗ ਸਥਾਨ ਲਾਜ਼ਮੀ ਤੌਰ 'ਤੇ ਐਕਸੇਸਿਬਲ ਪ੍ਰਵੇਸ਼ ਦੁਆਰ ਦੇ ਨਜ਼ਦੀਕੀ ਐਕਸੇਸਿਬਲ ਰੂਟ 'ਤੇ ਸਥਿਤ ਹੋਣੇ ਚਾਹੀਦੇ ਹਨ

**ਡਰਾਇੰਗਾਂ ਵਿੱਚ ਇਹ ਲਾਜ਼ਮੀ ਹੋਣੀਆਂ ਚਾਹੀਦੀਆਂ ਹਨ:**

- ਅਨੁਕੂਲ ਆਯਾਮੀ ਰੇਂਜਸ ਜਾਂ ਸੰਪੂਰਨ ਹੋਣਾ
- ISA ਆਯਾਮ
- ਪੋਸਟ ਮਾਊਂਟਡ ਚਿੰਨ੍ਹਾਂ ਉੱਪਰ ਉਚਾਈ ਦੀ ਕਲੀਅਰੈਂਸ
- ਅੱਖਰ ਦਾ ਆਕਾਰ ਅਤੇ ਚਿੰਨ੍ਹਾਂ ਦੇ ਆਯਾਮ

**ਇਹ ਸਵੈ-ਨਿਰਧਾਰਨ ਐਕਸੇਸਿਬਲ ਪਾਲਣਾ ਲਈ ਇੱਕ ਜਾਂਚਸੂਚੀ ਨਹੀਂ ਹੈ। ਜੇਕਰ ਤੁਸੀਂ ਵੀ ਡਿਜ਼ਾਈਨਰ ਵਜੋਂ ਕਾਰਜ ਕਰ ਰਹੇ ਹੋ, ਤਾਂ ਤੁਸੀਂ ਪੂਰਨ ਐਕਸੇਸਿਬਲ ਡਿਜ਼ਾਈਨ ਲਈ ਜ਼ਿੰਮੇਵਾਰ ਹੋ।**

## ਪ੍ਰਮਾਣਿਤ ਐਕਸੇਸ ਮਾਹਰ ਕੀ ਹੁੰਦਾ ਹੈ?

ਕੁਝ ਬਿਲਡਿੰਗ ਮਾਲਕ ਇੱਕ CASp ਨੂੰ ਆਪਣੇ ਪ੍ਰੋਜੈਕਟ ਦੀ ਟੀਮ ਦੇ ਮੈਂਬਰ ਵਜੋਂ ਰੱਖਣ ਦੀ ਚੋਣ ਕਰਨਗੇ ਅਤੇ ਕੁਝ ਸਥਾਨਕ AHJs ਇੰਸਪੈਕਟਰਾਂ ਨੂੰ ਨਿਯੁਕਤ ਕਰਨਗੇ ਜੋ CASp ਸਰਟੀਫਾਈਡ ਵੀ ਹਨ। ਜੇਕਰ ਤੁਹਾਡੇ ਪ੍ਰੋਜੈਕਟ 'ਤੇ ਅਜਿਹਾ ਹੁੰਦਾ ਹੈ ਤਾਂ ਤੁਹਾਨੂੰ ਖੇਤਰ ਵਿੱਚ ਇਸ ਵਿਅਕਤੀ ਨਾਲ ਗੱਲਬਾਤ ਕਰਨ ਦੀ ਲੋੜ ਪੈ ਸਕਦੀ ਹੈ, ਅਤੇ ਉਨ੍ਹਾਂ ਦੇ ਯੋਗਦਾਨ ਨੂੰ ਸਮਝਣਾ ਮਦਦਗਾਰ ਹੋ ਸਕਦਾ ਹੈ।

CASp ਤੋਂ ਭਾਵ ਹੈ ਸਰਟੀਫਾਈਡ ਅਕਸੈਸ ਸਪੈਸ਼ਲਿਸਟ, ਇੱਕ ਅਜਿਹਾ ਵਿਅਕਤੀ ਜਿਸ ਕੋਲ ਪ੍ਰਮਾਣਿਤ ਅਕਸੈਸ ਮਾਹਿਰ ਹੋਣ ਦਾ ਇੱਕ ਯੋਗ ਸਰਟੀਫਿਕੇਟ ਹੁੰਦਾ ਹੈ, ਜਿਸਨੂੰ ਡਿਵੀਜ਼ਨ ਆਫ ਸਟੇਟ ਆਰਕਟੈਕਟ (DSA) ਦੁਆਰਾ ਪ੍ਰਸ਼ਾਸਿਤ ਕੀਤਾ ਜਾਂਦਾ ਹੈ।

**ਇੱਕ CASp ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰ ਸਕਦਾ ਹੈ:**

1. ਲਾਗੂ ਰਾਜ ਅਤੇ ਸੰਘੀ ਐਕਸੇਸਿਬਲ ਕਾਨੂੰਨਾਂ, ਮਾਪਦੰਡਾਂ, ਕੋਡਾਂ ਅਤੇ ਨਿਯਮਾਂ ਦੀ ਪਾਲਣਾ ਲਈ ਸਹੂਲਤ ਯੋਜਨਾਵਾਂ ਅਤੇ ਵਿਸ਼ੇਸ਼ਤਾਵਾਂ ਦੀ ਸਮੀਖਿਆ।
2. ਲਾਗੂ ਰਾਜ ਅਤੇ ਸੰਘੀ ਐਕਸੇਸਿਬਿਲਿਟੀ ਕਾਨੂੰਨਾਂ, ਮਾਪਦੰਡਾਂ, ਕੋਡਾਂ ਅਤੇ ਨਿਯਮਾਂ ਦੀ ਪਾਲਣਾ ਲਈ ਕਿਸੇ ਸਹੂਲਤ ਦੀ ਪੜਤਾਲ ਕਰਨਾ।
3. ਐਕਸੇਸਿਬਿਲਿਟੀ ਖੋਜ ਦਾ ਸੰਚਾਲਨ ਕਰਨਾ, ਐਕਸੇਸਿਬਿਲਿਟੀ ਰਿਪੋਰਟਾਂ ਤਿਆਰ ਕਰਨਾ, ਅਤੇ/ਜਾਂ ਅਧਿਕਾਰ ਅਨੁਸਾਰ ਐਕਸੇਸਿਬਿਲਿਟੀ ਜਾਂਚਾਂ ਕਰਨੀਆਂ।
4. ਸਿਵਲ ਕੋਡ ਸੈਕਸ਼ਨ 55.53 ਦੀਆਂ ਲੋੜਾਂ ਅਨੁਸਾਰ CASP ਨਿਰੀਖਣ ਰਿਪੋਰਟਾਂ ਅਤੇ ਅਪੰਗਤਾ ਐਕਸੇਸ ਨਿਰੀਖਣ ਸਰਟੀਫਿਕੇਟ ਜਾਰੀ ਕਰਨਾ।[3]

CASp ਸੰਪਤੀ ਜਾਂਚ ਸਬੰਧੀ ਹੋਰ ਜਾਣਕਾਰੀ ਲਈ, DSA CASp ਵੈੱਬਸਾਈਟ: www.dgs.ca.gov/casp

## ਸਾਂਭ-ਸੰਭਾਲ ਅਤੇ ਤਬਦੀਲੀਆਂ

ਕਿਸੇ ਇਮਾਰਤ ਜਾਂ ਪਾਰਕਿੰਗ ਖੇਤਰ ਵਿੱਚ ਤਬਦੀਲੀ ਪ੍ਰੋਜੈਕਟ ਸੰਭਾਵਿਤ ਤੌਰ 'ਤੇ ਮੌਜੂਦਾ ਕੋਡ ਲੋੜਾਂ ਦੀ ਪਾਲਣਾ ਕਰਨ ਲਈ ਉਨ੍ਹਾਂ ਖੇਤਰਾਂ ਵਿੱਚ ਐਕਸੇਸਿਬਿਲਿਟੀ ਵਿਸ਼ੇਸ਼ਤਾਵਾਂ ਨੂੰ ਅਪਡੇਟ ਕਰਨ ਦੀ ਜ਼ਰੂਰਤ ਨੂੰ ਚਾਲੂ ਕਰੇਗਾ।

ਹਾਲਾਂਕਿ, ਮੌਜੂਦਾ ਪਾਰਕਿੰਗ ਸਥਾਨਾਂ ਵਿੱਚ ਰੀਸਰਫੇਸਿੰਗ ਅਤੇ/ਜਾਂ ਰੀਸਟ੍ਰੀਪਿੰਗ ਦੁਆਰਾ ਤਬਦੀਲੀਆਂ ਪ੍ਰੋਜੈਕਟ ਦੇ ਕੰਮ ਦੇ ਅਸਲ ਦਾਇਰੇ ਤੱਕ ਸੀਮਿਤ ਹੋਣਗੀਆਂ ਅਤੇ CBC 11B-202.4 ਦੀ ਪਾਲਣਾ ਕਰਨ ਦੀ ਲੋੜ ਨਹੀਂ ਹੋਵੇਗੀ।



ਜ਼ਰੂਰਤਾਂ ਲਈ AHJ (ਜਿਵੇਂ ਕਿ, ਸ਼ਹਿਰ, ਦੇਸ਼, ਇਮਾਰਤ ਵਿਭਾਗ) ਨਾਲ ਜਾਂਚ ਕਰੋ।

ਐਡਜਸਟ ਕੀਤੀ ਉਸਾਰੀ ਲਾਗਤ ਦੀ ਵਰਤੋਂ ਹਰੇਕ ਪ੍ਰੋਜੈਕਟ ਲਈ ਲੋੜੀਂਦੀ ਐਕਸੇਸ ਰੁਕਾਵਟ ਹਟਾਉਣ ਦੀ ਮਾਤਰਾ ਨੂੰ ਨਿਰਧਾਰਤ ਕਰਨ ਲਈ CBC 11B-202.4, ਅਪਵਾਦ 8 ਅਨੁਸਾਰ ਕੀਤੀ ਜਾਂਦੀ ਹੈ।

[3] "CASp ਸੰਪਤੀ ਜਾਂਚ।" http://www.dgs.ca.gov. 18 ਨਵੰਬਰ, 2022 ਨੂੰ ਐਕਸੇਸ ਕੀਤਾ ਗਿਆ। https://www.dgs.ca.gov/DSA/Resources/Page-Content/Resources-List-Folder/Certified-Access-Specialist-Property-Inspection.

## ਐਕਸੇਸਿਬਲ ਪਾਰਕਿੰਗ ਲੋਕੇਸ਼ਨ




ਐਕਸੇਸਿਬਲ ਪਾਰਕਿੰਗ ਸਥਾਨ ਲਾਜ਼ਮੀ ਤੌਰ 'ਤੇ ਐਕਸੇਸਿਬਲ ਪ੍ਰਵੇਸ਼ ਦੁਆਰ ਦੇ ਨਜ਼ਦੀਕੀ ਐਕਸੇਸਿਬਲ ਰੂਟ 'ਤੇ CBC ਧਾਰਾ 11B-208.3 ਅਨੁਸਾਰ ਸਥਿਤ ਹੋਣੇ ਚਾਹੀਦੇ ਹਨ। ਜਿੱਥੇ ਪਾਰਕਿੰਗ ਇੱਕ ਤੋਂ ਵੱਧ ਐਕਸੇਸਿਬਲ ਪ੍ਰਵੇਸ਼ ਦੁਆਰ ਦੀ ਸੇਵਾ ਕਰਦੀ ਹੈ, CBC ਧਾਰਾ 11B-502 ਦੀ ਪਾਲਣਾ ਕਰਨ ਵਾਲੇ ਪਾਰਕਿੰਗ ਸਟਾਲ ਖਿੰਡੇ ਹੋਏ ਹੋਣਗੇ ਅਤੇ ਐਕਸੇਸਿਬਲ ਪ੍ਰਵੇਸ਼ ਦੁਆਰਾਂ ਲਈ ਸਭ ਤੋਂ ਛੋਟੇ ਐਕਸੇਸਿਬਲ ਰਸਤੇ 'ਤੇ ਸਥਿਤ ਹੋਣਗੇ।[4]

## ਐਕਸੇਸਿਬਲ ਰਸਤੇ ਨੂੰ ਸਮਝਣਾ




ਐਕਸੇਸਿਬਲ ਰਸਤਾ ਇੱਕ ਨਿਰੰਤਰ, ਬਾਧਾ-ਮੁਕਤ ਰਸਤਾ ਹੁੰਦਾ ਹੈ ਜੋ ਕਿਸੇਐਕਸੇਸਿਬਲ ਰਸਤੇ ਦੀ ਸਾਈਟ, ਇਮਾਰਤ ਜਾਂ ਸਹੂਲਤ ਦੇਐਕਸੇਸਿਬਲ ਭਾਗਾਂ ਅਤੇ ਥਾਵਾਂ ਨੂੰ ਜੋੜਦਾ ਹੈ, ਜਿਨ੍ਹਾਂ ਤੱਕ ਵ੍ਹੀਲਚੇਅਰ ਵਰਤਣ ਵਾਲਾ ਅਪਾਹਜ ਵਿਅਕਤੀ ਆ-ਜਾ ਸਕਦਾ ਹੈ ਅਤੇ ਜਿਨ੍ਹਾਂ ਨੂੰ ਹੋਰ ਅਪਾਹਜ ਲੋਕ ਵੀ ਵਰਤ ਸਕਦੇ ਹਨ।

ਅੰਦਰੂਨੀਐਕਸੇਸਿਬਲ ਰਸਤਾ ਇਮਾਰਤ ਦੇ ਅੰਦਰ ਦੀਆਂ ਸਾਰੀਆਂਐਕਸੇਸਿਬਲ ਸਹੂਲਤਾਵਾਂ ਅਤੇ ਥਾਵਾਂ ਨੂੰ ਜੋੜਨਾ ਚਾਹੀਦਾ ਹੈ, ਜਿਨ੍ਹਾਂ ਵਿੱਚ ਕਾਰੀਡੋਰ, ਹਾਲਵੇ, ਫਲੋਰਸ, ਰੈਮਪਸ, ਲਿਫਟ ਅਤੇ ਐਲੀਵੇਟਰ ਸ਼ਾਮਲ ਹਨ।

ਬਾਹਰਲੇ ਐਕਸੇਸਿਬਲ ਰੂਟ ਸਾਈਟ ਤੇ ਪਹੁੰਚਣ ਵਾਲੇ ਬਿੰਦੂਆਂ ਤੋਂ ਸ਼ੁਰੂ ਹੁੰਦੇ ਹਨ, ਜਿਵੇਂ ਕਿ ਐਕਸੇਸਿਬਲ ਪਾਰਕਿੰਗ ਸਥਾਨ ਅਤੇ ਜਨਤਕ ਫੁਟਪਾਥ, ਅਤੇ ਇਸ ਵਿੱਚ ਪਾਰਕਿੰਗ ਐਕਸੈਸ ਗਲਿਆਰੇ, ਕਰਬ ਰੈਂਪ, ਵਾਹਨਾਂ ਦੇ ਮਾਰਗਾਂ 'ਤੇ ਕਰਾਸਵਾਕ, ਵਾਕ, ਰੈਂਪ ਅਤੇ ਲਿਫਟਾਂ ਵਰਗੇ ਤੱਤ ਸ਼ਾਮਿਲ ਹੋ ਸਕਦੇ ਹਨ।[5]

---

[4] ਇੰਟਰਨੈਸ਼ਨਲ ਕੋਡ ਕੌਂਸਲ (ICC)। 2022 ਕੈਲੀਫੋਰਨੀਆ ਬਿਲਡਿੰਗ ਕੋਡ, ਸਿਰਲੇਖ 24, ਭਾਗ 2, ਖੰਡ 1, ਅਧਿਆਇ 11B। ਅਕਸੈਸਡ ਮਾਰਚ 3, 2024। http://codes.iccsafe.org/content/CABC2022P1/chapter-11b-accessibility-to-public-buildings-public-accommodations-commercial-buildings-and-public-housing.

[5] ਇੰਟਰਨੈਸ਼ਨਲ ਕੋਡ ਕੌਂਸਲ (ICC)। 2022 ਕੈਲੀਫੋਰਨੀਆ ਬਿਲਡਿੰਗ ਕੋਡ, ਸਿਰਲੇਖ 24, ਭਾਗ 2, ਖੰਡ 1, ਅਧਿਆਇ 11B। ਅਕਸੈਸਡ ਮਾਰਚ 3, 2024। http://codes.iccsafe.org/content/CABC2022P1/chapter-11b-accessibility-to-public-buildings-public-accommodations-commercial-buildings-and-public-housing.

# ਕਰਬ ਰੈਂਪ

ਪਾਰਕਿੰਗ ਲਾਟ ਲੈਵਲ ਅਤੇਐਕਸੇਸਿਬਲ ਪ੍ਰਵੇਸ਼ ਨੂੰ ਜਾਣ ਵਾਲੇ ਵਾਕ ਦੇ ਦਰਮਿਆਨ ਇੱਕਐਕਸੇਸਿਬਲ ਲਿੰਕ ਵਜੋਂ ਕਰਬ ਰੈਂਪ ਹੈ। ਮਾਪਦੰਡਾਂ ਦੇ ਮੁਤਾਬਕ ਨਾ ਹੋਣ ਤੇ ਕਰਬ ਰੈਂਪ ਖਤਰਨਾਕ ਹੋ ਸਕਦੇ ਹਨ ਅਤੇ ਸੰਪਤੀ ਦੇ ਮਾਲਿਕ ਲਈ ਵੱਡਾ ਬੋਝ ਬਣ ਸਕਦੇ ਹਨ। ਇਸਲਈ ਜਰੂਰੀ ਹੈ ਕਿ ਇਹ ਸਹੀ ਤਰੀਕੇ ਦੇ ਨਾਲ ਬਣਿਆ ਹੋਵੇ।

ਕਰਬ ਰੈਂਪ ਘੱਟੋ-ਘੱਟ 4 ਫੁੱਟ ਚੌੜਾ ਹੁੰਦਾ ਹੈ ਅਤੇ ਇਸਦੀ ਢਲਾਨ ਹਲਕੀ ਰੱਖੀ ਜਾਂਦੀ ਹੈ ਤਾਂ ਜੋ ਵੀਲਚੇਅਰ ਨਾਲ ਚਲਣ ਵਾਲੇ ਲੋਕ ਐਕਸੇਸਿਬਲ ਪਾਰਕਿੰਗ ਸਪੇਸ ਤੋਂ ਇਮਾਰਤ ਦੇ ਪ੍ਰਵੇਸ਼ ਦਰਵਾਜ਼ੇ ਤਕ ਆਸਾਨੀ ਨਾਲ ਆ-ਜਾ ਸਕਣ। ਕਰਬ ਰੈਂਪ ਨਾ ਹੋਣ ਤੇ ਵੀਲਚੇਅਰ ਵਰਤਣ ਵਾਲੇ ਲੋਕ ਵਾਕ ਤੱਕ ਨਹੀਂ ਪਹੁੰਚ ਸਕਣਗੇ।

CBC ਵਿੱਚ ਕਰਬ ਰੈਂਪ ਦੀਆਂ ਕਈ ਵਿਸਤ੍ਰਿਤ ਸ਼ਰਤਾਂ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਜ਼ਰੂਰੀ ਹਨ:

1. ਕਰਬ ਦੀ ਢਲਾਨ: ਕਰਬ ਰੈਂਪ ਦੀ ਵੱਧ ਤੋਂ ਵੱਧ ਮਨਜ਼ੂਰਸ਼ੁਦਾ ਢਲਾਨ 1:12 ਜਾਂ 8.33% ਹੈ। 1:12 ਜਾਂ 8.33% ਤੋਂ ਵੱਧ ਢਲਾਨ ਤੇ ਵੀਲਚੇਅਰ ਨਾਲ ਆਉਣ-ਜਾਣ ਵਿੱਚ ਬਹੁਤ ਮੁਸ਼ਕਲ ਹੁੰਦੀ ਹੈ। ਅੰਤਿਮ ਢਲਾਣ ਦੀ ਪੁਸ਼ਟੀ ਆਮ ਤੌਰ 'ਤੇ ਬਿਲਡਿੰਗ ਇੰਸਪੈਕਟਰ ਅਤੇ ਸੰਭਵ ਤੌਰ 'ਤੇ ਮਾਲਕ ਦੇ ਆਰਕੀਟੈਕਟ ਜਾਂ CASp ਦੁਆਰਾ 2-ਫੁੱਟ-ਲੰਬੇ ਡਿਜੀਟਲ ਪੱਧਰ ਦੀ ਵਰਤੋਂ ਕਰਕੇ ਕੀਤੀ ਜਾਂਦੀ ਹੈ।

ਕਰਬ ਰੈਂਪਾਂ ਵਿੱਚ ਚਮਕ ਵਾਲੇ ਪਾਸਿਆਂ ਅਤੇ ਉਤਰਾਈਆਂ ਦੀ ਢਲਾਣ ਲਈ ਵੱਖਰੀਆਂ ਵਿਸ਼ੇਸ਼ ਲੋੜਾਂ ਹੁੰਦੀਆਂ ਹਨ, ਅਤੇ ਪਤਾ ਲਗਾਉਣ ਯੋਗ ਚੇਤਾਵਨੀਆਂ ਪ੍ਰਦਾਨ ਕਰਨ ਦੀ ਵੀ ਲੋੜ ਹੁੰਦੀ ਹੈ, ਜੋ ਕਿ ਕਰਬ ਰੈਂਪ ਦੇ ਕਿਨਾਰੇ 'ਤੇ ਪੀਲੇ ਰੰਗ ਦੀਆਂ ਖਰਾਬ ਸਤ੍ਹਾਂ ਹਨ। ਅੰਨ੍ਹੇ ਜਾਂ ਕਮਜ਼ੋਰ ਦ੍ਰਿਸ਼ਟੀ ਵਾਲੇ ਵਿਅਕਤੀਆਂ ਲਈ ਲੱਭਣਯੋਗ ਚੇਤਾਵਨੀਆਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਤਾਂ ਜੋ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਜਾ ਸਕੇ ਕਿ ਉਹ ਕਿਸੇ ਵਾਹਨ ਖੇਤਰ ਜਾਂ ਗਲੀ ਵਿੱਚ ਦਾਖਲ ਹੋ ਰਹੇ ਹਨ।

ਵੱਖ-ਵੱਖ ਤਰ੍ਹਾਂ ਦੇ ਕਰਬ ਰੈਂਪਾਂ ਦੀ ਵਿਸਤ੍ਰਿਤ ਜਾਣਕਾਰੀ ਲਈ ਕਿਰਪਾ ਕਰਕੇ CBC 11B-406 ਵੇਖੋ।

ਸਾਫ਼ ਦਿਖਾਈ ਦੇਣ ਵਾਲੀਆਂ ਚੇਤਾਵਨੀਆਂ ਦੀ ਵਿਸਤ੍ਰਿਤ ਜਾਣਕਾਰੀ ਲਈ CBC 11B-705 ਵੇਖੋ।


**ਕਰਬ ਰੈਂਪ ਡਿਜ਼ਾਈਨ:**

- ਜੇਕਰ ਤੁਸੀਂ ਕਰਬ ਰੈਂਪ ਦੇ ਡਿਜ਼ਾਈਨ ਵਿੱਚ ਸ਼ਾਮਿਲ ਹੋ, ਤਾਂ ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਬਹੁਤ ਸਾਰੇ ਸਥਾਨਕ ਅਧਿਕਾਰ ਖੇਤਰਾਂ ਵਿੱਚ ਆਪਣੇ ਰਸਤੇ ਦੇ ਅਧਿਕਾਰ-ਖੇਤਰ ਦੇ ਅੰਦਰ ਰੈਂਪਾਂ ਨੂੰ ਰੋਕਣ ਲਈ ਕਿਸਮਾਂ ਅਤੇ ਡਿਜ਼ਾਈਨਾਂ ਬਾਰੇ ਆਪਣੀਆਂ ਜ਼ਰੂਰਤਾਂ ਹਨ। ਇਹ ਯਕੀਨੀ ਬਣਾਓ ਕਿ ਤੁਸੀਂ ਆਪਣੇ ਪ੍ਰੋਜੈਕਟ 'ਤੇ ਲਾਗੂ ਹੋਣ ਵਾਲੀਆਂ ਸਾਰੀਆਂ ਤਕਨੀਕੀ ਲੋੜਾਂ ਵਾਸਤੇ CBC ਦੇ ਨਾਲ-ਨਾਲ AHJ ਨਾਲ ਸਲਾਹ-ਮਸ਼ਵਰਾ ਕਰਦੇ ਹੋ।




## ਕਰਬ ਰੈਂਪ ਉਦਾਹਰਣਾਂ

### ਪਰਪੈਂਡੀਕੁਲਰ ਕਰਬ ਰੈਂਪ





### ਤਕੋਣੇ ਜਾਂ ਕੋਨੇ ਦੀ ਕਿਸਮ ਵਾਲੇ ਕਰਬ ਰੈਂਪ





**ਤਸਵੀਰ ਕ੍ਰੈਡਿਟ: DGS ਸਟਾਫ਼** **ਵੇਰਵਾ ਸਕੇਲ ਮੁਤਾਬਕ ਨਹੀਂ ਹੈ।**

## ਕਰਬ ਰੈਂਪ ਉਦਾਹਰਣਾਂ


### ਪੈਰਲਲ ਕਰਬ ਰੈਂਪ




### ਧਾਰਾ A




### ਧਾਰਾ B




**ਤਸਵੀਰ ਕ੍ਰੈਡਿਟ: DGS ਸਟਾਫ਼** **ਵੇਰਵਾ ਸਕੇਲ ਮੁਤਾਬਕ ਨਹੀਂ ਹੈ।**

## ਐਕਸੇਸਿਬਲ ਪਾਰਕਿੰਗ ਸਪੇਸ ਅਤੇ ਇਲੈਕਟ੍ਰਿਕ ਵਾਹਨ ਚਾਰਜਿੰਗ ਸਟੇਸ਼ਨ

ਇਹ ਨੋਟ ਕਰਨਾ ਮਹੱਤਵਪੂਰਨ ਹੋਵੇਗਾ ਕਿ ਇਲੈਕਟ੍ਰਿਕ ਵਹੀਕਲ ਚਾਰਜਿੰਗ ਸਟੇਸ਼ਨ (EVCS) ਪਾਰਕਿੰਗ ਸਥਾਨ ਨਹੀਂ ਹਨ। EVCS ਅਤੇ ਪਾਰਕਿੰਗ ਵੱਖੋ-ਵੱਖ ਸੇਵਾਵਾਂ ਹਨ ਜੋ ਇੱਕ ਵਪਾਰ ਜਾਂ ਸਹੂਲਤ ਦੇ ਮਾਲਕ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਜ਼ਰੂਰੀ ਨਹੀਂ ਕਿ ਇਲੈਕਟ੍ਰਿਕ ਵਾਹਨਾਂ ਦੇ ਡਰਾਈਵਰ ਪਾਰਕ ਕਰਦੇ ਸਮੇਂ ਹਰ ਵਾਰ ਵਾਹਨ ਚਾਰਜ ਕਰਨਗੇ। ਇਸ ਲਈ ਕੈਲੀਫੋਰਨੀਆ ਕਾਨੂੰਨ ਦੇ ਤਹਿਤ EVCS ਖਾਸ ਤੌਰ ਤੇ ਚਾਰਜਿੰਗ ਲਈ ਰਿਜ਼ਰਵ ਰਹਿੰਦੇ ਹਨ।

ਦੋਂ ਆਮ ਲੋਕਾਂ ਲਈ ਉਪਲਬਧ ਸਹੂਲਤ ਵਿੱਚ EVCS ਉਪਲਬਧ ਕਰਵਾਏ ਜਾਣਗੇ ਤਾਂ CBC ਦੀ ਧਾਰਾ 11B-228.3 ਅਤੇ 11B-812 ਵਿੱਚ ਦੱਸੀ ਵਿਵਸਥਾ ਦੇ ਮੁਤਾਬਕ ਅਪਾਹਜ ਲੋਕਾਂ ਲਈ ਐਕਸੇਸਿਬਲ EVCS ਵੀ ਉਪਲਬਧ ਕਰਵਾਏ ਜਾਣਗੇ।

**EVCS ਸਥਾਪਨਾ**

EVCS (ਵਹੀਕਲ ਸਪੇਸਜ਼ ਐਂਡ ਚਣਾਰਜਿੰਗ ਯੂਨਿਟਸ) ਨੂੰ ਕੈਲੀਫੋਰਨੀਆ ਦੀ ਸਟੇਟ ਵਿੱਚ ਲਾਈਸੈਂਸ-ਧਾਰਕ ਠੇਕੇਦਾਰਾਂ ਦੁਆਰਾ ਸਥਾਪਿਤ ਕਰਨ ਦੀ ਲੋੜ ਹੁੰਦੀ ਹੈ। CSLB ਠੇਕੇਦਾਰਾਂ ਨੂੰ ਨਿਯਮਤ ਕਰਦਾ ਹੈ ਅਤੇ ਵੱਖ-ਵੱਖ ਉਸਾਰੀ ਕਿੱਤਿਆਂ ਵਿੱਚ ਠੇਕੇਦਾਰ ਵਜੋਂ ਕਾਰੋਬਾਰ ਕਰਨ ਲਈ ਲਾਇਸੈਂਸ ਜਾਰੀ ਕਰਦਾ ਹੈ। ਇਸ ਲਈ, ਜੇਕਰ ਇਹ ਕੰਮ ਕਿਸੇ ਉੱਪ-ਠੇਕੇਦਾਰ ਦੁਆਰਾ ਪੂਰਾ ਕੀਤਾ ਜਾਣਾ ਹੈ, ਤਾਂ ਯਕੀਨੀ ਬਣਾਓ ਕਿ ਉਹ ਰਾਜ ਦੀਆਂ ਜ਼ਰੂਰਤਾਂ ਦੀ ਪਾਲਣਾ ਕਰਦੇ ਹਨ।

## ਆਊਟਡੋਰ ਡਾਇਨਿੰਗ ਦੇ ਨੇੜੇ ਐਕਸੇਸਿਬਲ ਪਾਰਕਿੰਗ ਸਪੇਸੇਜ਼



ਬਾਹਰੀ ਡਾਈਨਿੰਗ ਏਰੀਆ ਅਕਸਰ ਉਹਨਾਂ ਥਾਵਾਂ ਤੇ ਬਣਾਓ ਜਿੱਥੇ ਮੂਲ ਤੌਰ ਤੇ ਪਾਰਕਿੰਗ ਸਪੇਸ ਬਣੇ ਹੋਏ ਸਨ। ਜਦੋਂ ਮੂਲ ਪਾਰਕਿੰਗ ਸਪੇਸ ਦੀ ਜਗ੍ਹਾ ਤੇ ਹੀ ਬਾਹਰੀ ਡਾਈਨਿੰਗ ਏਰੀਆ ਬਣਾਏ ਜਾਂਦੇ ਹਨ ਤਾਂ ਜਰੂਰੀ ਹੈ ਕਿ ਐਕਸੇਸਿਬਲ ਪਾਰਕਿੰਗ ਸਪੇਸ ਸੇਵਾ ਤੋਂ ਹਟਾਏ ਨਾ ਜਾਣ।

ਵਧੇਰੇ ਨਿਰਦੇਸ਼ਨ ਲਈ ਕਿਰਪਾ ਕਰਕੇ ਸਥਾਂਨਕ AHJ ਨਾਲ ਜਾਂਚ ਕਰੋ।

ਹੋਰ ਜਾਣਕਾਰੀ ਲਈ ਕਿਰਪਾ ਕਰਕੇ CCDA ਦੀਆਂ ਓਪਨ ਏਅਰ ਡਾਈਨਿੰਗ ਅਤੇ ਕਰਬਸਾਈਡ ਪਿਕਅਪ ਅਪਾਹਜ ਪਹੁੰਚ ਸ਼ਰਤਾਂ ਨੂੰ ਵੇਖੋ।[6]

## ਇਸ ਨਿਰਦੇਸ਼ਕ ਪੁਸਤਕ ਦਾ ਉਦੇਸ਼

ਸਾਡੇ ਪ੍ਰੋਜੈਕਟਾਂ ਨੂੰ ਐਕਸੇਸਬਿਲ ਕਿਉਂ ਹੋਣਾ ਚਾਹੀਦਾ ਹੈ?

**ਇਹ ਕਾਨੰਨ ਹੈ!** ਰਾਜ ਅਤੇ ਸੰਘੀ ਦੋਵੇਂ ਹੀ ਕਾਨੂੰਨ ਅਪਾਹਜਤਾ ਦੇ ਅਧਾਰ ਤੇ ਕਿਸੇ ਵੀ ਵਿਅਕਤੀ ਜੋ ਜਨਤਕ ਰਿਹਾਇਸ਼ ਦੇ ਸਥਾਨ ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਚੀਜ਼ਾਂ ਅਤੇ ਸੇਵਾਵਾਂ ਤੱਕ ਐਕਸੇਸ ਕਰਨਾ ਚਾਹੁੰਦਾ ਹੈ, ਦੇ ਵਿਰੁੱਧ ਭੇਦਭਾਵ ਦੀ ਮਨਾਹੀ ਕਰਦੇ ਹਨ। ਠੇਕੇਦਾਰ ਦੀ ਭੂਮਿਕਾ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਵਿੱਚ ਮਹੱਤਵਪੂਰਨ ਹੈ ਕਿ ਜਨਤਕ ਰਿਹਾਇਸ਼ ਦੇ ਸਥਾਨਾਂ ਦੀ ਉਸਾਰੀ ਅਤੇ ਤਬਦੀਲੀ ਵਿੱਚ ਅਪੰਗਤਾ ਐਕਸੇਸ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ।

[6] "ਓਪਨ ਏਅਰ ਡਾਈਨਿੰਗ ਐਂਡ ਕਰਬਸਾਈਡ ਪਿੱਕਅਪ ਡਿਸੇਬਿਲਿਟੀ ਅਕਸੈਸ ਕੰਸੀਡਿਰੇਸ਼ਨਜ਼।" https://www.dgs.ca.gov/CCDA. ਅਕਸੈਸਡ ਨਵੰਬਰ 15, 2022। https://www.dgs.ca.gov/en/CCDA/Business-Connect.

## ਇਸ ਨਿਰਦੇਸ਼ਕ ਪੁਸਤਕ ਦਾ ਉਦੇਸ਼



**ਇਹ ਕਾਰਜ ਕਰਨਾ ਸਹੀ ਹੈ!** ਅਪਾਹਜ ਲੋਕਾਂ ਦੇ ਨਾਗਰਿਕ ਅਧਿਕਾਰਾਂ ਦੀ ਰੱਖਿਆ ਕਰਨਾ ਬਹੁਤ ਮਹੱਤਵਪੂਰਨ ਹੈ। ਰਾਜ ਅਤੇ ਸੰਘੀ ਐਕਸੇਸਿਬਿਲਿਟੀ ਦੀਆਂ ਜ਼ਰੂਰਤਾਂ ਦੀ ਪਾਲਣਾ ਇਕ ਅਜਿਹੀ ਚੀਜ਼ ਹੈ ਜਿਸ 'ਤੇ ਅਪਾਹਜ ਖਪਤਕਾਰਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਭਰੋਸਾ ਕਰਨ ਦੇ ਯੋਗ ਹੋਣਾ ਚਾਹੀਦਾ ਹੈ।

**ਮੁਕੱਦਮੇ ਤੋਂ ਪਰਹੇਜ਼ ਹੈ!** ਉਸਾਰੀ ਨਾਲ ਸਬੰਧਤ ਐਕਸੇਸਿਬਲਿਟੀ ਮਿਆਰਾਂ ਦੀ ਉਲੰਘਣਾ ਲਈ ਕਿਸੇ ਕਾਰੋਬਾਰ ਜਾਂ ਸਹੂਲਤ ਮਾਲਕ ਵਿਰੁੱਧ ਸਿਵਲ ਮੁਕੱਦਮਾ ਦਾਇਰ ਕੀਤਾ ਜਾ ਸਕਦਾ ਹੈ, ਜੋ ਕਿਸੇ ਕਾਰੋਬਾਰ ਦੇ ਮਾਲਕ ਦੀਆਂ ਵਸਤੂਆਂ ਅਤੇ ਸੇਵਾਵਾਂ ਤੱਕ ਪਹੁੰਚ ਤੋਂ ਇਨਕਾਰ ਕਰਦੇ ਹਨ। ਕਾਰੋਬਾਰ ਦਾ ਮਾਲਕ ਉਸਾਰੀ ਨਾਲ ਸਬੰਧਤ ਐਕਸੇਸਿਬਲਿਟੀ ਮਿਆਰਾਂ ਦੀ ਪਾਲਣਾ ਦੀ ਘਾਟ ਲਈ ਕਿਸੇ ਠੇਕੇਦਾਰ ਵਿਰੁੱਧ ਦਾਅਵਾ ਦਾਇਰ ਕਰ ਸਕਦਾ ਹੈ। CBC ਦੀਆਂ ਜ਼ਰੂਰਤਾਂ ਦੀ ਪਾਲਣਾ ਨੂੰ ਯਕੀਨੀ ਬਣਾ ਕੇ, ਠੇਕੇਦਾਰ ਆਪਣੀ ਦੇਣਦਾਰੀ ਨੂੰ ਘਟਾ ਸਕਦੇ ਹਨ।

## ਆਂਗਿਆ ਪਾਲਣ ਦੇ ਲਾਭ

**ਸ਼ਮੂਲੀਅਤ ਨੰ ਉਤਸ਼ਾਹਿਤ ਕਰੋ**: ਐਕਸੇਸਿਬਲਿਟੀ ਦੀਆਂ ਲੋੜਾਂ ਦਾ ਇੱਕ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਅਪਾਹਜ ਲੋਕ ਜੀਵਨ ਦੇ ਸਾਰੇ ਪਹਿਲੂਆਂ ਵਿੱਚ ਭਾਗ ਲੈ ਸਕਣ। ਜਦੋਂ ਕਿਸੇ ਵਿਅਕਤੀ ਨੂੰ ਕਿਸੇ ਕਾਰੋਬਾਰ ਤੱਕ ਐਕਸੇਸ ਤੋਂ ਇਨਕਾਰ ਕੀਤਾ ਜਾਂਦਾ ਹੈ, ਤਾਂ ਇਹ ਸਿਰਫ ਕਾਨੂੰਨ ਦੀ ਉਲੰਘਣਾ ਤੋਂ ਵੱਧ ਹੁੰਦਾ ਹੈ; ਇਹ ਮੁਸ਼ਕਲ, ਬੇਆਰਾਮੀ ਜਾਂ ਸ਼ਰਮਿੰਦਗੀ ਦਾ ਕਾਰਨ ਬਣ ਸਕਦਾ ਹੈ।

**ਜਾਗਰਿਤੀ ਨੰ ਉਤਸ਼ਾਹਿਤ ਕਰੋ**: ਅਮਰੀਕੀ ਮਰਦਮਸ਼ੁਮਾਰੀ ਬਿਊਰੋ ਦੀ ਰਿਪੋਰਟ ਹੈ ਕਿ ਲਗਭਗ 60 ਮਿਲੀਅਨ ਅਮਰੀਕੀਆਂ ਨੂੰ ਅਪਾਹਜਤਾ ਹੈ। ਕਾਨੂੰਨ ਇਹ ਲੋੜਦਾ ਹੈ ਕਿ ਅਪਾਹਜ ਵਿਅਕਤੀਆਂ ਨੂੰ ਜਨਤਕ ਰਿਹਾਇਸ਼ਾਂ ਤੱਕ ਉਹੀ ਐਕਸੇਸ ਪ੍ਰਦਾਨ ਕੀਤੀ ਜਾਵੇ ਜਿਸਨੂੰ ਕੁਝ ਹੋਰ ਲੋਕ ਯਕੀਨੀ ਮੰਨਦੇ ਹਨ। ਐਕਸੇਸਿਬਿਲਿਟੀ ਦੀਆਂ ਲੋੜਾਂ ਬਾਰੇ ਠੇਕੇਦਾਰ ਦੀ ਜਾਗਰੂਕਤਾ ਅਤੇ ਸਹੀ ਢੰਗ ਨਾਲ ਡਿਜ਼ਾਈਨ ਬਣਾਉਣ ਦੀ ਯੋਗਤਾ ਸਾਰਿਆਂ ਲਈ ਜਨਤਕ ਰਿਹਾਇਸ਼ਾਂ ਤੱਕ ਐਕਸੇਸ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰੇਗੀ।

**ਘੱਟੋ-ਘੱਟ ਤੋਂ ਅੱਗੇ ਜਾਓ**: ਹਾਲਾਂਕਿ ਐਕਸੇਸਿਬਲਿਟੀ ਦੇ ਮਿਆਰ ਘੱਟੋ-ਘੱਟ ਦਿਸ਼ਾ ਨਿਰਦੇਸ਼ਾਂ 'ਤੇ ਅਧਾਰਿਤ ਹਨ, ਠੇਕੇਦਾਰ ਜੋ ਸੁਧਾਰਾਂ ਲਈ ਡਿਜ਼ਾਈਨ ਵੀ ਪ੍ਰਦਾਨ ਕਰਦੇ ਹਨ, ਉਨ੍ਹਾਂ ਜ਼ਰੂਰਤਾਂ ਨੂੰ ਪਾਰ ਕਰਨ ਲਈ ਸਰਬੋਤਮ ਅਭਿਆਸਾਂ ਨੂੰ ਅਪਣਾਉਣ ਦੀ ਚੋਣ ਕਰ ਸਕਦੇ ਹਨ। ਅਜਿਹਾ ਕਰਨ ਨਾਲ ਲੋੜਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਲਈ ਸਿਵਲ ਦੇਣਦਾਰੀ ਦਾ ਜੋਖਮ ਘੱਟ ਹੋ ਜਾਵੇਗਾ। ਐਕਸੇਸਿਬਲਿਟੀ ਦੇ ਮਾਪਦੰਡਾਂ ਨੂੰ ਪੂਰਾ ਕਰਨਾ ਜਾਂ ਇਸ ਤੋਂ ਵੱਧ ਨੂੰ ਵਾਧੂ ਖਰਚੇ ਵਜੋਂ ਵੇਖਣ ਦੀ ਬਜਾਏ ਕਾਰੋਬਾਰ ਕਰਨ ਦੀ ਲਾਗਤ ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ।





## ਪਰਿਭਾਸ਼ਾਵਾਂ

**ਐਕਸੇਸ ਗਲਿਆਰਾ**: ਵਾਹਨਾਂ ਦੇ ਨਾਲ ਲੱਗਦੀ ਜਗ੍ਹਾ ਜਾਂ ਇਨ੍ਹਾਂ ਦੇ ਵਿਚਕਾਰ ਇੱਕ ਐਕਸੇਸਿਬਲ ਜਗ੍ਹਾ ਜੋ CBC ਦੀ ਪਾਲਣਾ ਪ੍ਰਦਾਨ ਕਰਦੀ ਹੈ।

**ਐਕਸੇਸਿਬਲ ਪਾਰਕਿੰਗ ਪਹਿਚਾਣ**: ਫੁੱਟਪਾਥ ਦੇ ਨਿਸ਼ਾਨ ਅਤੇ ਚਿੰਨ੍ਹ CBC 11B-502.6 ਦੀ ਪਾਲਣਾ ਵਿੱਚ ਐਕਸੇਸਿਬਲ ਪਾਰਕਿੰਗ ਸਥਾਨਾਂ ਨੂੰ ਰਾਖਵਾਂ ਕਰਨ ਲਈ ਪ੍ਰਦਾਨ ਕੀਤੇ ਗਏ ਹਨ।

**ਐਕਸੇਸਿਬਲ ਪਾਰਕਿੰਗ ਸਥਾਨ**: ਇੱਕ ਰਾਖਵੀਂ ਪਾਰਕਿੰਗ ਜਗ੍ਹਾ ਜੋ ਕੈਲਿਫੋਰਨੀਆ ਬਿਲਡਿੰਗ ਕੋਡ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਆਯਾਮ, ਨਿਸ਼ਾਨਦੇਹੀ, ਅਤੇ ਪਹਿਚਾਣ ਚਿੰਨ੍ਹ ਜ਼ਰੂਰਤਾਂ ਲਈ, CBC ਧਾਰਾ 11B-502 ਨੂੰ ਵੇਖੋ।

**ਐਕਸੇਸਿਬਲ ਰੂਟ**: ਇੱਕ ਨਿਰੰਤਰ, ਨਿਰਵਿਘਨ ਰਸਤਾ ਜੋ ਕਿਸੇ ਐਕਸੇਸਿਬਲ ਸਾਈਟ, ਇਮਾਰਤ ਜਾਂ ਸਹੂਲਤ ਦੇ ਐਕਸੇਸਿਬਲ ਤੱਤਾਂ ਅਤੇ ਸਥਾਨਾਂ ਨੂੰ ਜੋੜਦਾ ਹੈ, ਜਿਸ ਬਾਰੇ ਵ੍ਹੀਲਚੇਅਰ ਦੀ ਵਰਤੋਂ ਕਰਕੇ ਅਪਾਹਜ ਵਿਅਕਤੀ ਦੁਆਰਾ ਗੱਲਬਾਤ ਕੀਤੀ ਜਾ ਸਕਦੀ ਹੈ, ਅਤੇ ਜੋ ਹੋਰ ਅਪਾਹਜਤਾ ਵਾਲੇ ਵਿਅਕਤੀਆਂ ਲਈ ਵੀ ਸੁਰੱਖਿਅਤ ਅਤੇ ਵਰਤੋਂ ਯੋਗ ਹੈ। ਅੰਦਰੂਨੀ ਐਕਸੇਸਿਬਲ ਮਾਰਗਾਂ ਵਿੱਚ ਗਲਿਆਰੇ, ਹਾਲਵੇਅ, ਫਰਸ਼, ਰੈਂਪ, ਐਲੀਵੇਟਰਜ਼ ਅਤੇ ਲਿਫਟਾਂ ਸ਼ਾਮਿਲ ਹੋ ਸਕਦੀਆਂ ਹਨ। ਬਾਹਰਲੇ ਐਕਸੇਸਿਬਲ ਮਾਰਗਾਂ ਵਿੱਚ ਪਾਰਕਿੰਗ ਐਕਸੇਸ ਗਲਿਆਰੇ, ਕਰਬ ਰੈਂਪ, ਵਾਹਨਾਂ ਦੇ ਮਾਰਗਾਂ 'ਤੇ ਕਰਾਸਵਾਕ, ਵਾਕ, ਰੈਂਪ ਅਤੇ ਲਿਫਟਾਂ ਸ਼ਾਮਿਲ ਹੋ ਸਕਦੀਆਂ ਹਨ।

**ਸਮਾਯੋਜਿਤ ਕੀਤੀ ਉਸਾਰੀ ਲਾਗਤ**: ਪ੍ਰੋਜੈਕਟ ਦੀ ਉਸਾਰੀ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਸਾਰੇ ਖਰਚੇ, ਜਿਸ ਵਿੱਚ ਮਜ਼ਦੂਰੀ, ਸਮੱਗਰੀ, ਸਾਜ਼ੋ-ਸਾਮਾਨ, ਸੇਵਾਵਾਂ, ਉਪਯੋਗਤਾਵਾਂ, ਠੇਕੇਦਾਰ ਵਿੱਤ, ਠੇਕੇਦਾਰ ਓਵਰਹੈੱਡ ਅਤੇ ਮੁਨਾਫਾ, ਅਤੇ ਉਸਾਰੀ ਪ੍ਰਬੰਧਨ ਲਾਗਤਾਂ ਸ਼ਾਮਿਲ ਹਨ। ਲਾਗਤਾਂ ਨੂੰ ਕੰਪੋਨੈਂਟਾਂ, ਅਸੈਂਬਲੀਆਂ, ਬਿਲਡਿੰਗ ਉਪਕਰਣਾਂ ਜਾਂ ਉਸਾਰੀ ਦੇ ਮੁੱਲ ਦੁਆਰਾ ਘੱਟ ਨਹੀਂ ਕੀਤਾ ਜਾਵੇਗਾ ਜੋ ਸਿੱਧੇ ਤੌਰ 'ਤੇ ਐਕਸੇਸਿਬਲਿਟੀ ਜਾਂ ਉਪਯੋਗਤਾ ਨਾਲ ਜੁੜੇ ਨਹੀਂ ਹਨ। ਸਮਾਯੋਜਿਤ ਕੀਤੀ ਉਸਾਰੀ ਲਾਗਤ ਵਿੱਚ ਸ਼ਾਮਿਲ ਨਹੀਂ ਹੋਣਗੇ: ਪ੍ਰੋਜੈਕਟ ਪ੍ਰਬੰਧਨ ਫੀਸ ਅਤੇ ਖਰਚੇ, ਆਰਕੀਟੈਕਚਰ ਅਤੇ ਇੰਜੀਨੀਅਰਿੰਗ ਫੀਸ, ਟੈਸਟਿੰਗ ਅਤੇ ਨਿਰੀਖਣ ਫੀਸ, ਅਤੇ ਉਪਯੋਗਤਾ ਕਨੈਕਸ਼ਨ ਜਾਂ ਸੇਵਾ ਜ਼ਿਲ੍ਹਾ ਫੀਸ।

**ਲੱਭਣਯੋਗ ਚੇਤਾਵਨੀ**: ਇੱਕ ਮਿਆਰੀ ਸਤ੍ਹਾ ਵਿਸ਼ੇਸ਼ਤਾ ਜੋ ਤੁਰਨ ਵਾਲੀਆਂ ਸਤ੍ਹਾਂ ਜਾਂ ਹੋਰ ਤੱਤਾਂ ਵਿੱਚ ਬਣਾਈ ਗਈ ਹੈ ਜਾਂ ਲਾਗੂ ਕੀਤੀ ਜਾਂਦੀ ਹੈ ਤਾਂ ਜੋ ਸਰਕੂਲੇਸ਼ਨ ਮਾਰਗ 'ਤੇ ਖਤਰਿਆਂ ਦੀ ਕਮਜ਼ੋਰ ਦ੍ਰਿਸ਼ਟੀ ਵਾਲੇ ਵਿਅਕਤੀਆਂ ਨੂੰ ਚੇਤਾਵਨੀ ਦਿੱਤੀ ਜਾ ਸਕੇ।

## ਪਰਿਭਾਸ਼ਾਵਾਂ



**ਇੰਟਰਨੈਸ਼ਨਲ ਸਿੰਬਲ ਆਫ ਐਕਸੇਸਿਬਲਿਟੀ** (ISA): ਵ੍ਹੀਲਚੇਅਰ ਵਿੱਚ ਨੀਲੇ ਪਿਛੋਕੜ 'ਤੇ ਇੱਕ ਚਿੱਟਾ ਚਿੱਤਰ ਹੁੰਦਾ ਹੈ ਅਤੇ ਇਸਦੀ ਵਰਤੋਂ ਇਹ ਦਰਸਾਉਣ ਲਈ ਕੀਤੀ ਜਾਂਦੀ ਹੈ ਕਿ ਇਮਾਰਤਾਂ ਅਤੇ ਸਹੂਲਤਾਂ ਨੂੰ ਇਸ ਤਰੀਕੇ ਨਾਲ ਡਿਜ਼ਾਈਨ ਕੀਤਾ ਗਿਆ ਹੈ ਕਿ ਅਪਾਹਜ ਵਿਅਕਤੀਆਂ ਦੁਆਰਾ ਵਰਤੋਂ ਯੋਗ ਹੋਣ।

**ਪਾਰਕਿੰਗ ਸਹੂਲਤ**: ਇੱਕ ਪਾਰਕਿੰਗ ਸਹੂਲਤ ਇੱਕ ਪ੍ਰਵਾਨਿਤ ਪਾਰਕਿੰਗ ਸਥਾਨ ਜਾਂ ਬਣਤਰ ਹੈ ਜੋ ਇੱਕ ਇਮਾਰਤ ਨੂੰ ਸੇਵਾ ਪ੍ਰਦਾਨ ਕਰਦੀ ਹੈ। ਪਾਰਕਿੰਗ ਸਥਾਨਾਂ ਅਤੇ ਪਾਰਕਿੰਗ ਬਣਤਰਾਂ ਨੂੰ ਵੱਖਰੀਆਂ ਪਾਰਕਿੰਗ ਸਹੂਲਤਾਂ ਮੰਨਿਆ ਜਾਂਦਾ ਹੈ।

**ਯਾਤਰਾ ਦਾ ਰਾਹ**: ਕਿਸੇ ਮੌਜੂਦਾ ਸਾਈਟ, ਇਮਾਰਤ ਜਾਂ ਸਹੂਲਤ ਦੇ ਅੰਦਰ ਇੱਕ ਪਛਾਣਯੋਗ ਐਕਸੇਸਿਬਲ ਰਸਤਾ ਜਿਸ ਰਾਹੀਂ ਕਿਸੇ ਵਿਸ਼ੇਸ਼ ਖੇਤਰ ਤੱਕ ਪਹੁੰਚਿਆ ਜਾ ਸਕਦਾ ਹੈ, ਦਾਖਲ ਹੋਇਆ ਜਾ ਸਕਦਾ ਹੈ ਅਤੇ ਬਾਹਰ ਨਿਕਲਿਆ ਜਾ ਸਕਦਾ ਹੈ, ਅਤੇ ਜੋ ਕਿਸੇ ਵਿਸ਼ੇਸ਼ ਖੇਤਰ ਨੂੰ ਬਾਹਰਲੀ ਪਹੁੰਚ (ਫੁੱਟਪਾਥ, ਗਲੀਆਂ ਅਤੇ ਪਾਰਕਿੰਗ ਖੇਤਰਾਂ ਸਮੇਤ), ਸਹੂਲਤ ਦੇ ਪ੍ਰਵੇਸ਼ ਦੁਆਰ ਅਤੇ ਸਹੂਲਤ ਦੇ ਹੋਰ ਹਿੱਸਿਆਂ ਨਾਲ ਜੋੜਦਾ ਹੈ। ਜਦੋਂ ਮੌਜੂਦਾ ਇਮਾਰਤਾਂ ਜਾਂ ਸਹੂਲਤਾਂ ਵਿੱਚ ਤਬਦੀਲੀਆਂ, ਢਾਂਚਾਗਤ ਮੁਰੰਮਤਾਂ ਜਾਂ ਵਾਧੇ ਕੀਤੇ ਜਾਂਦੇ ਹਨ, ਤਾਂ "ਯਾਤਰਾ ਦਾ ਰਾਹ" ਸ਼ਬਦ ਵਿੱਚ ਪਖਾਨੇ ਅਤੇ ਨਹਾਉਣ ਦੀਆਂ ਸਹੂਲਤਾਂ, ਟੈਲੀਫੋਨ, ਪੀਣ ਵਾਲੇ ਫੁਹਾਰੇ ਅਤੇ ਕੰਮ ਦੇ ਖੇਤਰ ਦੀ ਸੇਵਾ ਕਰਨ ਵਾਲੇ ਚਿੰਨ੍ਹ ਵੀ ਸ਼ਾਮਲ ਹੁੰਦੇ ਹਨ।

**ਸਾਈਟ ਪਹੁੰਚ ਬਿੰਦੂ**: ਉਹ ਸਥਾਨ ਜਿੱਥੋਂ ਵਿਅਕਤੀ ਕਿਸੇ ਸਾਈਟ 'ਤੇ ਪਹੁੰਚਦੇ ਹਨ, ਜਿਸ ਵਿੱਚ ਪਾਰਕਿੰਗ ਖੇਤਰ, ਜਨਤਕ ਆਵਾਜਾਈ ਸਟਾਪ, ਯਾਤਰੀ ਲੋਡਿੰਗ ਜ਼ੋਨ ਅਤੇ ਜਨਤਕ ਸੜਕਾਂ ਜਾਂ ਫੁਟਪਾਥ ਸ਼ਾਮਿਲ ਹਨ।

**ਅਣਅਧਿਕਾਰਿਤ ਪਾਰਕਿੰਗ ਚਿੰਨ੍ਹ**: ਇੱਕ ਚਿੰਨ੍ਹ ਜੋ ਕਿਸੇ ਆਫ-ਸਟ੍ਰੀਟ ਪਾਰਕਿੰਗ ਸਹੂਲਤ ਦੇ ਹਰੇਕ ਪ੍ਰਵੇਸ਼ ਦੁਆਰ 'ਤੇ ਇੱਕ ਸਪੱਸ਼ਟ ਜਗ੍ਹਾ 'ਤੇ ਸਥਿਤ ਹੁੰਦਾ ਹੈ ਜਾਂ ਸਾਈਟ 'ਤੇ ਐਕਸੇਸਿਬਲ ਪਾਰਕਿੰਗ ਦੇ ਤੁਰੰਤ ਨੇੜੇ ਹੁੰਦਾ ਹੈ ਅਤੇ ਹਰੇਕ ਪਾਰਕਿੰਗ ਸਪੇਸ ਤੋਂ ਦਿਖਾਈ ਦਿੰਦਾ ਹੈ। ਚਿੰਨ੍ਹ ਲਈ ਵਿਸ਼ੇਸ਼ ਭਾਸ਼ਾ ਕੈਲੀਫੋਰਨੀਆ ਬਿਲਡਿੰਗ ਕੋਡ 11B-502.8 ਵਿੱਚ ਹੈ, ਅਤੇ ਉਹ ਪਤਾ ਪ੍ਰਦਰਸ਼ਿਤ ਕਰੇਗੀ ਜਿੱਥੇ ਇੱਕ ਟੋਅ ਕੀਤੀ ਗਈ ਕਾਰ ਮੁੜ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਟੈਲੀਫੋਨ ਨੰਬਰ ਉਸ ਸਹੂਲਤ ਤੱਕ ਪਹੁੰਚਣ ਲਈ ਹੈ ਜਿੱਥੇ ਟੋਅ ਕੀਤਾ ਵਾਹਨ ਸਥਿਤ ਹੈ।

**ਵਾਹਨਾਂ ਦਾ ਰਸਤਾ**: ਵਾਹਨਾਂ ਦੇ ਆਵਾਜਾਈ ਲਈ ਬਣਾਇਆ ਇੱਕ ਰਸਤਾ, ਜਿਵੇਂ ਕਿ ਇੱਕ ਗਲੀ, ਡ੍ਰਾਈਵ-ਵੇਅ ਜਾਂ ਪਾਰਕਿੰਗ ਲੌਟ।ਵਾਧੂ ਪਰਿਭਾਸ਼ਾਵਾਂ ਲਈ, ਕਿਰਪਾ ਕਰਕੇ ਕੈਲਿਫੋਰਨੀਆ ਬਿਲਡਿੰਗ ਕੋਡ ਦਾ ਹਵਾਲਾ ਲਵੋ।[7]

---

[7] ਇੰਟਰਨੇਸ਼ਨਲ ਕੋਡ ਕਾਉਂਸਲ (ICC)। 2022 ਕੈਲੀਫੋਰਨੀਆ ਬਿਲਡਿੰਗ ਕੋਡ, ਸਿਰਲੇਖ 24, ਭਾਗ 2, ਖੰਡ 1, ਅਧਿਆਇ 11B। 3 ਮਾਰਚ, 2024 ਨੂੰ ਐਕਸੇਸ ਕੀਤਾ ਗਿਆ। http://codes.iccsafe.org/content/CABC2022P1/chapter-11b-accessibility-to-public-buildings-public-accommodations-commercial-buildings-and-public-housing.

## ਸਰੋਤ

ਇਸ ਪ੍ਰਕਾਸ਼ਨ ਵਿੱਚ ਦਿੱਤੀ ਜਾਣਕਾਰੀ ਕੈਲੀਫੋਰਨੀਆ ਮਾਪਦੰਡ ਤੇ ਆਧਾਰਿਤ ਹੈ। ਫੈਡਰਲ ਮਾਪਦੰਡ ਘੱਟ ਸਖ਼ਤ ਹੋ ਸਕਦੇ ਹਨ ਅਤੇ ਇਹ ਮਾਪਦੰਡ ADA ਨੈਸ਼ਨਲ ਨੈਟਵਰਕ (https://adata.org/) ਤੇ ਉਪਲਬਧ ਹਨ।

ਕੈਲੀਫੋਰਨੀਆ ਦੇ ਬਿਲਡਿੰਗ ਕੋਡ ਅਤੇ ਮਾਪਦੰਡਾਂ ਦੀ ਜਾਣਕਾਰੀ ਲਈ ਕਿਰਪਾ ਕਰਕੇ ਕੈਲੀਫੋਰਨੀਆ ਬਿਲਡਿੰਗ ਸਟੈਂਡਰਡਜ਼ ਕਮਿਸ਼ਨ (BSC) (https://www.dgs.ca.gov/BSC) ਨਾਲ ਸੰਪਰਕ ਕਰੋ।

ਐਕਸੇਸ ਪ੍ਰੋਗਰਾਮਾਂ ਬਾਰੇ ਜਾਣਕਾਰੀ ਲਈ ਕੈਲੀਫੋਰਨੀਆ ਕੈਪਿਟਲ ਐਕਸੇਸ ਪ੍ਰੋਗਰਾਮ (CalCAP) (https://www.treasurer.ca.gov/cpcfa/calcap/ada/faq-ada.asp) ਦੇਖੋ।

ਕੈਲੀਫੋਰਨੀਆ ਦੇ ਐਕਸੇਸਿਬਲਿਟੀ ਕਾਨੂੰਨਾਂ ਅਤੇ ਮਾਰਗਦਰਸ਼ਨ ਲਈ, ਕੈਲੀਫੋਰਨੀਆ ਕਮਿਸ਼ਨ ਆਨ ਡਿਸੇਬਿਲਿਟੀ ਐਕਸੇਸ (CCDA) (https://www.dgs.ca.gov/CCDA) ਨਾਲ ਸੰਪਰਕ ਕਰੋ।

ਕੈਲੀਫੋਰਨੀਆ ਦੇ ਐਕਸੇਸਿਬਿਲਟੀ ਕਾਨੂੰਨਾਂ ਅਤੇ ਮਾਰਗਦਰਸ਼ਨ ਲਈ, ਕੈਲੀਫੋਰਨੀਆ ਡਿਪਾਰਟਮੈਂਟ ਆਫ ਰਿਹੈਬਿਲਿਟੇਸ਼ਨ (DOR) (https://www.dor.ca.gov) ਨਾਲ ਸੰਪਰਕ ਕਰੋ।

ਕੈਲੀਫੋਰਨੀਆ ਦੇ ਐਕਸੇਸਿਬਿਲਿਟੀ ਕਾਨੂੰਨਾਂ ਬਾਰੇ ਜਾਣਕਾਰੀ, ਕਾਇਦੇ ਦੀ ਪਾਲਣਾ ਬਾਰੇ ਸਲਾਹ ਜਾਂ ਐਕਸੇਸਿਬਿਲਿਟੀ ਦੀਆਂ ਸ਼ਰਤਾਂ ਬਾਰੇ ਖੁਦ ਵਿਸ਼ਲੇਸ਼ਣ ਲਈ ਕੈਲੀਫੋਰਨੀਆ ਡਿਵੀਜ਼ਨ ਆਫ ਦਿ ਸਟੇਟ ਆਰਕੀਟੈਕਟ (DSA) (https://www.dgs.ca.gov/en/DSA) ਨਾਲ ਸੰਪਰਕ ਕਰੋ।

ਸਥਾਨਕ ਪ੍ਰੋਗਰਾਮਾਂ ਬਾਰੇ ਜਾਣਕਾਰੀ ਲਈ ਕੈਲੀਫੋਰਨੀਆ ਫਾਉਂਡੇਸ਼ਨ ਫਾਰ ਇੰਡੀਪੈਂਡੈਂਟ ਲਿਵਿੰਗ ਸੈਂਟਰ (CFILC (https://www.cfilc.org/) ਨਾਲ ਸੰਪਰਕ ਕਰੋ।

CASI ਐਕਸੇਸ ਕਰਨ ਲਈ ਸਰਟੀਫਾਈਡ ਐਕਸੇਸ ਸਪੇਸ਼ਲਿਸਟ (CASI)  (https://www.casinstitute.org) ਨਾਲ ਸੰਪਰਕ ਕਰੋ।

ਠੇਕੇਦਾਰ ਨੂੰ ਲਾਇਸੈਂਸ ਦਿਲਾਉਣ ਲਈ ਡਿਪਾਰਟਮੈਂਟ ਆਫ ਕੰਜ਼ਿਊਮਰ ਅਫੇਅਰਜ਼ ਕੰਟਰੈਕਟਰ ਸਟੇਟ ਲਾਇਸੈਂਸ ਬੋਰਡ (ਸੀਐਸਐਲਬੀ) (CSLB) (https://www.cslb.ca.gov) ਨਾਲ ਸੰਪਰਕ ਕਰੋ।

ਇਸ ਪ੍ਰਕਾਸ਼ਨ ਵਿੱਚ ਦਿੱਤੀ ਜਾਣਕਾਰੀ ਕੈਲੀਫੋਰਨੀਆ ਮਾਪਦੰਡ ਤੇ ਆਧਾਰਿਤ ਹੈ। ਸੰਘੀ ਮਾਪਦੰਡਾਂ ਬਾਰੇ ਜਾਣਕਾਰੀ ਸੰਯੁਕਤ ਰਾਜ ਨਿਆਂ ਵਿਭਾਗ (DOJ) – ਸਿਵਲ ਰਾਈਟਸ ਡਿਵੀਜ਼ਨ ਡਿਸਏਬਿਲਟੀ ਰਾਈਟਸ ਸੈਕਸ਼ਨ (https://www.ada.gov) ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਇਸ ਪ੍ਰਕਾਸ਼ਨ ਵਿੱਚ ਦਿੱਤੀ ਜਾਣਕਾਰੀ ਕੈਲੀਫੋਰਨੀਆ ਮਾਪਦੰਡ ਤੇ ਆਧਾਰਿਤ ਹੈ। ਕੈਲੀਫੋਰਨੀਆ ਬਿਲਡਿੰਗ ਕੋਡ ਐਕਸੈਸ ਕਰਨ ਲਈ (2022), http://codes.iccsafe.org/content/CABC2022P1/chapter-11b-accessibility-to-public-buildings-public-accommodations-commercial-buildings-and-public-housing ਤੇ ਜਾਓ।

ਸਥਾਨਕ ਪ੍ਰੋਗਰਾਮਾਂ ਅਤੇ ਟ੍ਰੇਨਿੰਗ ਲਈ ਪੈਸਿਫਿਕ ADA ਸੈਂਟ (https://www.adapacific.org/) ਨਾਲ ਸੰਪਰਕ ਕਰੋ।

ਇਸ ਪ੍ਰਕਾਸ਼ਨ ਵਿੱਚ ਦਿੱਤੀ ਜਾਣਕਾਰੀ ਕੈਲੀਫੋਰਨੀਆ ਮਾਪਦੰਡ ਤੇ ਆਧਾਰਿਤ ਹੈ। ਫੈਡਰਲ ਮਾਪਦੰਡਾਂ ਬਾਰੇ ਜਾਣਕਾਰੀ ਲਈ ਸੰਯੁਕਤ ਰਾਜ ਐਕਸੇਸ ਬੋਰਡ (https://www.access-board.gov/) ਨਾਲ ਸੰਪਰਕ ਕਰੋ।

## ਕ੍ਰੈਡਿਟ

**CCDA ਚੈਕਲਿਸਟ ਕਮੇਟੀ - ਐਕਸੇਸਿਬਲ ਪਾਰਕਿੰਗ ਮੁਹਿੰਮ ADA ਸੰਜੋਇਕ ਅਤੇ ਵਪਾਰ ਮਾਲਕ ਅਤੇ ਆਪਰੇਟਰਸ ਵਰਕ ਗਰੁੱਪ।**

Drake Dillard – CCDA ਕਮਿਸ਼ਨਰ; ਸੀਨੀਅਰ ਪ੍ਰੋਜੈਕਟ ਮੈਨੇਜਰ, ਪਰਕਿਨਸ ਐਂਡ ਵਿਲ
Brandon Estes - ਵਿਸ਼ਲੇਸ਼ਕ, ਕੈਲੀਫੋਰਨੀਆ ਬਿਲਡਿੰਗ ਸਟੈਂਡਰਡ ਕਮਿਸ਼ਨ (BSC)
Shannon M. Mulhall, CASp - ਸੀਨੀਅਰ HR ਐਨਾਲਿਸਟ, ਫੈਸਨੋ ਸ਼ਹਿਰ; ਵਿਸ਼ੇਸ਼ ਪ੍ਰੋਗਰਾਮ ਚੇਅਰ, ਪ੍ਰਮਾਣਿਤ ਐਕਸੇਸ ਮਾਹਰ ਸੰਸਥਾ ( CASI)
Mehdi Shadyab, CASp — ਸਟ੍ਰਕਚਰਲ ਇੰਜੀਨੀਅਰ, ਸੈਨ ਡਿਏਗੋ ਸ਼ਹਿਰ
Bill Zellmer, CASp - ਪ੍ਰੋਗਰਾਮ ਮੈਨੇਜਰ, ਫਿਜੀਕਲ ਐਕਸੈਸ ਅਤੇ ਰੈਗੂਲੇਟਰੀ ਅਫ਼ੇਅਰਜ਼, ਸੂਟਰ ਹੈਲਥ
Ike Nnaji, CASp - ਪ੍ਰੇਜ਼ੀਡੈਂਟ, ਡਿਸਏਬਿਲਟੀ ਐਕਸੈਸ ਸਪੈਸ਼ਲਿਸਟ

**CCDA ਚੈਕਲਿਸਟ ਕਮੇਟੀ - ਐਕਸੈਸੇਬਲ ਪਾਰਕਿੰਗ ਕੈਂਪੇਨ ਕੰਸਟ੍ਰਕਸ਼ਨ ਇੰਡਸਟ੍ਰੀ ਵਰਕ ਗਰੁੱਪ**

Chris Barkley - ਵਾਈਸ ਪ੍ਰੈਜ਼ੀਡੈਂਟ ਅਤੇ ਡਾਇਰੈਕਟਰ ਆਫ ਫੀਲਡ ਓਪਰੇਸ਼ਨਜ਼ , ਟੀਚਰਟ ਕੰਸਟ੍ਰਕਸ਼ਨ
Robert Chrisp - ਮਾਲਕ, ਕ੍ਰਿਸਪ ਕੰਪਨੀ
Roberto Cortez - ਪ੍ਰੈਜ਼ੀਡੈਂਟ ਅਤੇ CEO, ਮੋਨਾਰਕ ਇੰਜੀਨੀਅਰ
Brian Holloway - CCDA ਕਮਿਸ਼ਨਰ; ਪ੍ਰੈਜ਼ੀਡੈਂਟ, ਹੋਲੋਵੇ ਲੈਂਡ ਡਿਵੈਲਪਮੈਂਟ
John James, CASp — ਬਿਲਡਿੰਗ ਅਧਿਕਾਰੀ
Michael Jamnetski - ਚੀਫ ਡਿਪਟੀ ਰਜਿਸਟ੍ਰਾਰ, ਕੌਨਟ੍ਰਕਟਰਸ ਸਟੇਟ ਲਾਇਸੰਸ ਬੋਰਡ (CSLB)
Craig Perry - ਮੈਨੇਜਿੰਗ ਪਾਰਟਨਰ, ਪੁਆਇੰਟ ਸੋਰਸ ਕੰਸਟਰਕਸ਼ਨ ਮੈਨੇਜਮੈਂਟ
Katherine White – ਚੀਫ ਆਫ ਪਬਲਿਕ ਅਫੇਅਰਸ, CSLB

**CCDA ਕਮਿਸ਼ਨ ਮੈਂਬਰ**

Chris Downey - ਚੇਅਰ
Douglas Wiele - ਵਾਈਸ ਚੇਅਰ
Guy Leemhuis - ਇਮੀਡੀਏਟ ਪਾਸਟ ਚੇਅਰ
Drake Dillard
ਡਾ. Souraya Sue ElHessen
Brian Holloway
Jacqueline Jackson
Ashley Leon-Vazquez
Scott Lillibridge
Michael Paravagna
Héctor Ramirez

Ida Clair - ਸਟੇਟ ਆਰਕੀਟੈਕਟ
Anthony Seferian - ਡਿਪਟੀ ਅਟਾਰਨੀ ਜਨਰਲ
Brian Maienschein - ਅਸੈਂਬਲੀ ਮੈਂਬਰ
Janet Nguyen - ਅਸੈਂਬਲੀ ਮੈਂਬਰ
Melissa Hurtado - ਸੀਨੇਟਰ
Brian Jones - ਸੀਨੇਟਰ
April Marie Dawson Rawlings - CCDA ਐਗਜ਼ੀਕਿਉਟਿਵ ਡਾਇਰੈਕਟਰ
Phil McPhaul - CCDA ਓਪਰੇਸ਼ਨ ਮੈਨੇਜਰ
Abigail Ridge - CCDA ਸਟਾਫ

**ਡਿਪਾਰਟਮੈਂਟ ਆਂਫ ਕੰਜ਼ਿਊਮਰ ਅਫੇਅਰਜ਼ (DCA) ਕੰਟਰੈਕਟਰਜ਼ ਸਟੇਟ ਲਾਈਸੈਂਸ ਬੋਰਡ (CSLB)**

**ਡਿਪਾਰਟਮੈਂਟ ਆਫ਼ ਜਨਰਲ ਸਰਵਿਸਿਜ਼ (DGS) ਰੀਅਲ ਅਸਟੇਟ ਸਰਵਿਸਿਜ਼ ਡਿਵੀਜ਼ਨ (RESD)**

***ਕਿਰਪਾ ਕਰਕੇ ਨੋਟ ਕਰੋ ਕਿ ਕੁਝ ਸਥਿਤੀਆਂ ਵਿੱਚ ਤਸਵੀਰਾਂ ਨੂੰ DGS ਸਟਾਫ ਦੁਆਰਾ ਸੰਸ਼ੋਧਿਤ ਕੀਤਾ ਗਿਆ ਸੀ।***

400 R Street, Suite 310
Sacramento, CA 95811
ਫ਼ੋਨ: (916) 319-9974

ਈ-ਮੇਲ: CCDA@dgs.ca.gov

ਈ-ਫ਼ੈਕਸ: (916) 376-4216

ਵੈੱਬਸਾਈਟ: https://www.dgs.ca.gov/CCDA